


PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 04 ਅਪ੍ਰੈਲ ਤੋਂ 10 ਅਪ੍ਰੈਲ, 2024 | Email :- editor@punjabstar.com, Vo. 20. Issue:1129




# ਤਾਇਵਾਨ 'ਚ ਜ਼ੋਰਦਾਰ ਭੂਚਾਲ: 7 ਮੌਤਾਂ

## 700 ਤੋਂ ਵੱਧ ਜ਼ਖ਼ਮੀ ਤੇ ਬਹੁਤ ਸਾਰੀਆਂ ਇਮਾਰਤਾਂ ਨੂੰ ਨੁਕਸਾਨ







ਤਾਇਪੇ (ਪੰਜਾਬ ਸਟਾਰ ਬਿਊਰੋ) : ਤਾਇਵਾਨ ਵਿੱਚ ਅੱਜ ਸਵੇਰੇ 25 ਸਾਲਾਂ 'ਚ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ, ਜਿਸ ਕਾਰਨ 7 ਵਿਅਕਤੀਆਂ ਦੀ ਮੌਤ ਹੋ ਗਈ, 700 ਤੋਂ ਵੱਧ ਜ਼ਖ਼ਮੀ ਹੋ ਗਏ। ਕੁਝ ਇਮਾਰਤਾਂ ਨੂੰ ਨੁਕਸਾਨ ਪੁੱਜਾ। ਭੂਚਾਲ ਦੀ ਸ਼ਿੱਦਤ 7.2 ਨਾਪੀ ਗਈ।

ਭੂਚਾਲ ਕਾਰਨ ਦੱਖਣ-ਪੂਰਬੀ ਸ਼ਹਿਰ ਹੁਆਲੀਅਨ ਦੇ ਇਲਾਕੇ ਵਿੱਚ ਸਥਿਤ ਪੰਜ ਮੰਜ਼ਿਲਾ ਇਮਾਰਤ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਇਸ ਦੀ ਪਹਿਲੀ ਮੰਜ਼ਿਲ ਢਹਿ ਗਈ ਹੈ ਅਤੇ ਬਾਕੀ ਇਮਾਰਤ ਝੁਕ ਗਈ ਹੈ। ਵਿਦਿਆਰਥੀਆਂ ਨੂੰ ਸਕੂਲ ਤੋਂ ਬਾਹਰ ਕੱਢ ਕੇ ਖੇਡ ਮੈਦਾਨ ਵਿੱਚ ਲਿਜਾਇਆ ਗਿਆ ਅਤੇ ਹੈਲਮਟ ਪਹਿਨਣ ਲਈ ਤਿਆਰ ਕੀਤਾ ਗਿਆ। ਕੁਝ ਬੱਚੇ ਉੱਪਰੋਂ ਡਿੱਗਣ ਵਾਲੀਆਂ ਚੀਜ਼ਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਕਿਤਾਬਾਂ ਨਾਲ ਸਿਰ ਢੱਕਦੇ ਦੇਖੇ ਗਏ। ਕੌਮੀ ਫਾਇਰ ਏਜੰਸੀ ਨੇ ਕਿਹਾ ਕਿ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਦੋ ਘੰਟੇ ਬਾਅਦ ਸੁਨਾਮੀ ਦਾ ਖ਼ਤਰਾ ਕਾਫੀ ਹੱਦ ਤੱਕ ਟਲ ਗਿਆ ਹੈ। ਦੇਸ਼ ਦੀ ਆਬਾਦੀ 2.3 ਕਰੋੜ ਹੈ।

ਰਾਸ਼ਟਰੀ ਸੰਸਦ ਦੀ ਇਮਾਰਤ ਦੀਆਂ ਕੰਧਾਂ ਅਤੇ ਛੱਤਾਂ ਨੂੰ ਨੁਕਸਾਨ ਪਹੁੰਚਿਆ ਹੈ। ਤਾਇਵਾਨ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਸਭ ਤੋਂ ਤਾਕਤਵਰ ਭੂਚਾਲ 21 ਸਤੰਬਰ 1999 ਨੂੰ ਆਇਆ ਸੀ, ਜਿਸਦੀ ਸ਼ਿੱਦਤ 7.7 ਸੀ। ਇਸ ਵਿੱਚ 2400 ਵਿਅਕਤੀ ਮਾਰੇ ਗਏ ਸਨ, ਲੱਖ ਜ਼ਖਮੀ ਹੋਏ ਸਨ ਅਤੇ ਹਜ਼ਾਰਾਂ ਇਮਾਰਤਾਂ ਤਬਾਹ ਹੋ ਗਈਆਂ ਸਨ।

# ਇਜ਼ਰਾਇਲੀ ਹਮਲੇ 'ਚ ਸਹਾਇਤਾ ਸਮੂਹ ਦੇ ਛੇ ਮੈਂਬਰਾਂ ਸਣੇ ਸੱਤ ਹਲਾਕ



ਦੀਰ ਅਲ ਬਲਾਹ (ਪੰਜਾਬ ਸਟਾਰ) : ਗਾਜ਼ਾ ਵਿੱਚ ਇਜ਼ਰਾਈਲ ਦੇ ਹਵਾਈ ਹਮਲਿਆਂ 'ਚ 'ਵਰਲਡ ਸੈਂਟਰਲ ਕਿਚਨ' ਚੈਰਿਟੀ ਸਮੂਹ ਲਈ ਕੰਮ ਕਰਨ ਵਾਲੇ ਛੇ ਵਰਕਰਾਂ ਤੇ ਉਨ੍ਹਾਂ ਦੇ ਫਲਸਤੀਨੀ ਵਾਹਨ ਚਾਲਕ ਦੀ ਮੌਤ ਹੋ ਗਈ। ਸਹਾਇਤਾ ਗਰੁੱਪ ਨੇ ਅੱਜ ਇਹ ਜਾਣਕਾਰੀ ਦਿਤੀ। ਇਸ ਘਟਨਾ ਨਾਲ ਲੋਕਾਂ ਦੀ ਮਦਦ 'ਚ ਲੱਗੇ ਸਹਾਇਤਾ ਸਮੂਹ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਧੱਕਾ ਲੱਗਾ ਹੈ। ਇਸ ਸਹਾਇਤਾ ਸਮੂਹ ਦੇ ਬਾਨੀ ਮਸ਼ਹੂਰ ਸ਼ੈੱਫ ਜੋਸ ਆਂਦਰੇਸ ਨੇ ਕਿਹਾ ਕਿ ਉਨ੍ਹਾਂ ਖਿੱਤੇ 'ਚ ਆਪਣੀਆਂ ਗਤੀਵਿਧੀਆਂ ਤੁਰੰਤ ਰੋਕ ਦਿੱਤੀਆਂ ਹਨ। ਇਜ਼ਰਾਇਲੀ ਫੌਜ ਨੇ ਇਸ ਘਟਨਾ 'ਤੇ ਦੁੱਖ ਜ਼ਾਹਿਰ ਕੀਤਾ ਹੈ। ਇਜ਼ਰਾਇਲੀ ਫੌਜ ਦੇ ਬੁਲਾਰੇ ਐਡਮਿਰਲ ਡੈਨੀਅਲ ਹਾਗਰੀ ਨੇ ਕਿਹਾ ਕਿ ਉਨ੍ਹਾਂ ਦੇ ਅਧਿਕਾਰੀ ਇਸ ਘਟਨਾ ਦੀ ਸਮੀਖਿਆ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਸਬੰਧ ਵਿੱਚ ਆਜ਼ਾਦਾਨਾ ਜਾਂਚ ਸ਼ੁਰੂ ਕੀਤੀ ਜਾਵੇਗੀ ਜੋ ਉਨ੍ਹਾਂ ਨੂੰ ਅਜਿਹੀ ਘਟਨਾ ਮੁੜ ਵਾਪਰਨ ਦੇ ਜੋਖਮ ਨੂੰ ਘਟਾਉਣ 'ਚ ਮਦਦ ਕਰੇਗੀ। ਇਸ ਘਟਨਾ ਤੋਂ ਕੁਝ ਘੰਟੇ ਪਹਿਲਾਂ ਹੀ ਸਮੂਹ ਨੇ ਖੁਰਾਕ ਸਮੱਗਰੀ ਉੱਤਰੀ ਗਾਜ਼ਾ 'ਚ ਪਹੁੰਚਾਈ ਸੀ। ਉੱਤਰੀ ਗਾਜ਼ਾ ਇਜ਼ਰਾਇਲੀ ਹਮਲਿਆਂ ਕਾਰਨ ਅਕਾਲ ਦੇ ਕਿਨਾਰੇ ਪਹੁੰਚ ਚੁੱਕਾ ਹੈ। ਵੀਡੀਓ ਫੁਟੇਜ 'ਚ ਮੱਧ ਗਾਜ਼ਾ ਸ਼ਹਿਰ ਦੀਰ ਅਲ ਬਲਾਹ ਦੇ 'ਅਲ ਅਕਸਾ' ਮਾਰਟਸ ਹਸਪਤਾਲ 'ਚ ਲਾਸ਼ਾਂ ਨਜ਼ਰ ਆ ਰਹੀਆਂ ਹਨ। ਸ਼ੈੱਫ ਜੋਸ ਆਂਦਰੇਸ ਨੇ ਦੱਸਿਆ ਕਿ ਇਸ ਹਮਲੇ 'ਚ ਮਾਰੇ ਗਏ ਲੋਕਾਂ 'ਚ ਆਸਟਰੇਲੀਆ, ਪੋਲੈਂਡ ਅਤੇ ਬਰਤਾਨੀਆ ਦੇ ਨਾਗਰਿਕ ਸ਼ਾਮਲ ਹਨ।

# ਕੈਨੇਡਾ 'ਚ ਨਿੱਜਰ ਮਗਰੋਂ ਜਗਮੀਤ ਸਿੰਘ ਦੀ ਜਾਨ ਨੂੰ ਖ਼ਤਰਾ !



ਔਟਵਾ, 3 ਅਪ੍ਰੈਲ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਹਰਦੀਪ ਸਿੰਘ ਨਿੱਜਰ ਦੇ ਕਤਲ ਮਗਰੋਂ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਦੀ ਜਾਨ ਨੂੰ ਵੀ ਖਤਰਾ ਹੋਣ ਦੀ ਚਿਤਾਵਨੀ ਜਾਰੀ ਕੀਤੀ ਗਈ। 'ਟੋਰਾਂਟੋ ਸਟਾਰ' ਦੀ ਰਿਪੋਰਟ ਮੁਤਾਬਕ ਇਹ ਹੈਰਾਨਕੁੰਨ ਦਾਅਵਾ ਕੈਨੇਡਾ ਵਿਚ ਵਿਦੇਸ਼ੀ ਦਖਲ ਦੀ ਪੜਤਾਲ ਕਰ ਰਹੇ ਕਮਿਸ਼ਨ ਅੱਗੇ ਕੀਤਾ ਗਿਆ। ਫਿਲਹਾਲ ਜਗਮੀਤ ਸਿੰਘ ਦੇ ਦਫਤਰ ਵੱਲੋਂ ਇਸ ਸਨਸਨੀਖੇਜ਼ ਮਸਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ। ਕੈਨੇਡਾ ਵਿਚ ਸਰਗਰਮ ਕਈ ਸਿੱਖ ਜਥੇਬੰਦੀਆਂ ਨੂੰ ਧਿਰ ਮੰਨਦਿਆਂ ਜਨਤਕ ਪੜਤਾਲ ਦੀ ਪ੍ਰਕਿਰਿਆ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਇਕ ਵਕੀਲ ਨੇ ਕਮਿਸ਼ਨ ਦੀ ਮੁਖੀ ਜਸਟਿਸ ਮੈਰੀ ਜੋਜ਼ੀ ਹੋਗ ਅੱਗੇ ਪੇਸ਼ ਹੁੰਦਿਆਂ ਜਗਮੀਤ ਸਿੰਘ ਨਾਲ ਸਬੰਧਤ ਦਾਅਵਾ ਕੀਤਾ। ਜਗਮੀਤ ਸਿੰਘ ਦੀ ਪ੍ਰਿੰਸੀਪਲ ਸਕੱਤਰ ਐਨੀ ਮੈਕਗ੍ਰਾਅ ਨੂੰ ਜਦੋਂ ਸੰਭਾਵਤ ਖਤਰੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਨਾਲ ਸਬੰਧਤ ਮਸਲਾ ਹੋਣ ਕਾਰਨ ਉਹ ਕੁਝ ਵੀ ਕਹਿਣਾ ਨਹੀਂ ਚਾਹੁਣਗੇ। 'ਟੋਰਾਂਟੋ ਸਟਾਰ' ਦੀ ਰਿਪੋਰਟ ਕਹਿੰਦੀ ਹੈ ਕਿ ਨਿੱਜਰ ਕਤਲਕਾਂਡ ਮਗਰੋਂ ਕਈ ਕੈਨੇਡੀਅਨ ਸਿੱਖਾਂ ਨੂੰ ਸੰਭਾਵਤ ਖਤਰੇ ਬਾਰੇ ਚਿਤਾਵਨੀ ਦਿਤੀ ਗਈ ਅਤੇ ਜਗਮੀਤ ਸਿੰਘ ਉਨ੍ਹਾਂ ਵਿਚੋਂ ਇਕ ਸਨ। ਇਥੇ ਦਸਣਾ ਬਣਦਾ ਹੈ ਕਿ ਭਾਰਤ ਸਰਕਾਰ ਨੇ ਕਈ ਸਾਲ ਪਹਿਲਾਂ ਜਗਮੀਤ ਸਿੰਘ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿਤੀ ਸੀ ਅਤੇ ਹੁਣ ਐਨ.ਡੀ.ਪੀ. ਆਗੂ ਦੀ ਜਾਨ ਖਤਰੇ ਵਿਚ ਹੋਣ ਦੇ ਗੁੱਝੇ ਭੇਤ ਤੋਂ ਪਰਦਾ ਉਠਦਾ ਨਜ਼ਰ ਆ ਰਿਹਾ ਹੈ। ਹਰਦੀਪ ਸਿੰਘ ਨਿੱਜਰ ਦਾ ਕਤਲ 18 ਜੂਨ 2023 ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦਵਾਰਾ ਦੀ ਪਾਰਕਿੰਗ ਵਿਚ ਕੀਤਾ ਗਿਆ।

# ਡਾ.ਮਨਮੋਹਨ ਸਿੰਘ ਰਾਜ ਸਭਾ ਤੋਂ ਹੋਏ ਸੇਵਾਮੁਕਤ

## ਪੂਰੀ ਕੀਤੀ 33 ਸਾਲ ਲੰਮੀ ਸੰਸਦੀ ਪਾਰੀ



ਨਵੀਂ ਦਿੱਲੀ (ਪੰਜਾਬ ਸਟਾਰ): ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਲਗਪਗ 54 ਸੰਸਦ ਮੈਂਬਰ ਮੰਗਲਵਾਰ ਤੇ ਬੁੱਧਵਾਰ ਨੂੰ ਰਾਜ ਸਭਾ ਤੋਂ ਸੇਵਾਮੁਕਤ ਹੋ ਰਹੇ ਹਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਰਾਜ ਸਭਾ ਵਿੱਚ 33 ਸਾਲਾ ਲੰਮੀ ਸੰਸਦੀ ਪਾਰੀ ਵੀ 3 ਅਪਰੈਲ ਨੂੰ ਸਮਾਪਤ ਹੋ ਰਹੀ ਹੈ। ਉਨ੍ਹਾਂ ਦੀ ਸੇਵਾਮੁਕਤੀ ਦੇ ਨਾਲ ਹੀ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਪਹਿਲੀ ਵਾਰ ਸੰਸਦ ਦੇ ਉਪਰਲੇ ਸਦਨ ਵਿੱਚ ਪਹੁੰਚ ਜਾਣਗੇ। ਡਾ. ਮਨਮੋਹਨ ਸਿੰਘ ਕਈ ਦਲੇਰਾਨਾ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਲਈ ਜਾਣੇ ਜਾਂਦੇ ਹਨ। ਉਹ ਪਹਿਲੀ ਵਾਰ ਅਕਤੂਬਰ 1991 ਵਿੱਚ ਰਾਜ ਸਭਾ ਮੈਂਬਰ ਬਣੇ ਸਨ। ਉਹ ਪੀਵੀ ਨਰਸਿਮਹਾ ਰਾਓ ਦੀ ਸਰਕਾਰ ਦੌਰਾਨ 1991 ਤੋਂ 1996 ਤੱਕ ਵਿੱਤ ਮੰਤਰੀ ਅਤੇ 2004 ਤੋਂ 2014 ਤੱਕ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ ਹਨ। ਇਹ ਸੀਟ 91 ਸਾਲਾ ਡਾ. ਮਨਮੋਹਨ ਸਿੰਘ ਦੇ 3 ਅਪਰੈਲ ਨੂੰ ਕਾਰਜਕਾਲ ਮੁਕੰਮਲ ਹੋਣ ਮਗਰੋਂ ਖ਼ਾਲੀ ਹੋ ਜਾਵੇਗੀ। ਡਾ. ਮਨਮੋਹਨ ਸਿੰਘ ਲੋਕ ਸਭਾ ਚੋਣਾਂ ਰਾਹੀਂ ਕਦੇ ਵੀ ਹੇਠਲੇ ਸਦਨ ਤੱਕ ਨਹੀਂ ਪੁੱਜੇ। ਉਨ੍ਹਾਂ ਦੱਖਣੀ ਦਿੱਲੀ ਸੰਸਦੀ ਹਲਕੇ ਤੋਂ 1999 ਵਿੱਚ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ ਸੀ ਪਰ ਉਹ ਭਾਜਪਾ ਉਮੀਦਵਾਰ ਵੀ ਕੇ ਮਲਹੋਤਰਾ ਤੋਂ ਹਾਰ ਗਏ ਸਨ। ਰਾਜ ਸਭਾ ਦੇ ਆਖ਼ਰੀ ਸੈਸ਼ਨ ਵਿੱਚ ਬਜ਼ੁਰਗ ਸੰਸਦ ਮੈਂਬਰ ਨੂੰ ਵਿਦਾਇਗੀ ਦੇਣ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਡਾ. ਮਨਮੋਹਨ ਸਿੰਘ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਸੀ। ਸੇਵਾਮੁਕਤ ਹੋਣ ਵਾਲੇ ਮੈਂਬਰਾਂ ਵਿੱਚ ਨੌਂ ਕੇਂਦਰੀ ਮੰਤਰੀ ਸ਼ਾਮਲ ਹਨ। ਇਨ੍ਹਾਂ ਵਿੱਚੋਂ ਮਨਸੁਖ ਮਾਂਡਵੀਆ, ਧਰਮਿੰਦਰ ਪ੍ਰਧਾਨ, ਪੁਰਸ਼ੋਤਮ ਰੁਪਾਲਾ, ਰਾਜੀਵ ਚੰਦਰਸ਼ੇਖਰ, ਵੀ. ਮੁਰਲੀਧਰਨ, ਨਰਾਇਣ ਰਾਣੇ, ਐੱਲ. ਮੁਰੂਗਨ, ਭੁਪਿੰਦਰ ਯਾਦਵ ਤੇ ਅਸ਼ਵਨੀ ਵੈਸ਼ਨਵ ਸ਼ਾਮਲ ਹਨ।

# ਗਾਜ਼ਾ 'ਚ ਇਜ਼ਰਾਇਲੀ ਹਮਲੇ ਕਾਰਨ ਵਿਦੇਸ਼ੀਆਂ ਸਣੇ 7 ਸਹਾਇਤਾ ਕਰਮੀਆਂ ਦੀ ਮੌਤ



ਅਲ-ਬਲਾਹ (ਗਾਜ਼ਾ ਪੱਟੀ) (ਪੰਜਾਬ ਸਟਾਰ): ਗਾਜ਼ਾ ਵਿੱਚ ਇਜ਼ਰਾਇਲੀ ਹਮਲਿਆਂ ਵਿੱਚ ਵਿਦੇਸ਼ੀ ਸਣੇ ਸਹਾਇਤਾ ਸਮੂਹ ਦੇ ਘੱਟੋ-ਘੱਟ ਸੱਤ ਕਰਮਚਾਰੀ ਮਾਰੇ ਗਏ। ਹੈਲਪ ਗਰੁੱਪ 'ਵਰਲਡ ਸੈਂਟਰਲ ਕਿਚਨ' ਨੇ ਇਹ ਜਾਣਕਾਰੀ ਦਿੱਤੀ। ਮਸ਼ਹੂਰ ਜੋਸ ਐਂਡਰੇਸ ਦੁਆਰਾ ਸਥਾਪਤ ਚੈਰੀਟੇਬਲ ਸਮੂਹ ਵਰਲਡ ਸੈਂਟਰਲ ਕਿਚਨ ਨੇ ਅੱਜ ਸਵੇਰੇ ਕਿਹਾ ਕਿ ਸੱਤ ਮਾਰੇ ਗਏ ਵਿਅਕਤੀਆਂ ਵਿੱਚ ਆਸਟਰੇਲੀਆ, ਪੋਲੈਂਡ ਅਤੇ ਬਰਤਾਨੀਆ ਦੇ ਨਾਗਰਿਕ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇੱਕ ਅਮਰੀਕੀ-ਕੈਨੇਡੀਅਨ ਨਾਗਰਿਕ ਅਤੇ ਘੱਟੋ-ਘੱਟ ਇੱਕ ਫਲਸਤੀਨੀ ਵੀ ਮਾਰਿਆ ਗਿਆ ਹੈ। ਸਮੂਹ ਨੇ ਕਿਹਾ ਕਿ ਇਹ ਕਰਮਚਾਰੀ ਜ਼ਰੂਰੀ ਭੋਜਨ ਸਮੱਗਰੀ ਪਹੁੰਚਾ ਰਹੇ ਸਨ, ਜੋ ਸੋਮਵਾਰ ਨੂੰ ਸਮੁੰਦਰੀ ਰਸਤੇ ਤੋਂ ਪਹੁੰਚੀਆਂ ਸੀ ਤੇ ਦੇਰ ਰਾਤ ਉਨ੍ਹਾਂ 'ਤੇ ਹਮਲਾ ਹੋ ਗਿਆ।

# ਕੈਨੇਡਾ ਦੀ ਪੀ.ਆਰ. ਲਈ ਫੀਸ 'ਚ ਵਾਧਾ

## * 950 ਡਾਲਰ ਤੋਂ 1800 ਡਾਲਰ ਤੱਕ ਅਦਾ ਕਰਨੀ ਹੋਵੇਗੀ ਫੀਸ

## * 30 ਅਪ੍ਰੈਲ ਤੋਂ ਲਾਗੂ ਹੋਣਗੀਆਂ ਵਧੀਆਂ ਫੀਸਾਂ



ਟੋਰਾਂਟੋ (ਪੰਜਾਬ ਸਟਾਰ): ਕਨੇਡਾ ਦੀ ਪੀ.ਆਰ. ਲਈ ਹੁਣ ਪ੍ਰਵਾਸੀਆਂ ਨੂੰ ਵਾਧੂ ਫੀਸ ਅਦਾ ਕਰਨੀ ਪਵੇਗੀ। ਜੀ ਹਾਂ, ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਵੱਲੋਂ ਆਉਂਦੀ 30 ਅਪ੍ਰੈਲ ਤੋਂ ਫੀਸ ਵਾਧਾ ਲਾਗੂ ਹੋ ਰਿਹਾ ਹੈ ਜਿਸ ਤਹਿਤ ਪ੍ਰਵਾਸੀਆਂ ਨੂੰ ਵੱਖ ਵੱਖ ਸ਼੍ਰੇਣੀਆਂ ਅਧੀਨ ਪਰਮਾਨੈਂਟ ਰੈਜ਼ੀਡੈਂਸ ਲਈ 950 ਡਾਲਰ ਤੋਂ 1800 ਡਾਲਰ ਤੱਕ ਫੀਸ ਅਦਾ ਕਰਨੀ ਹੋਵੇਗੀ। ਫੈਡਰਲ ਸਕਿਲਡ ਵਰਕਰ, ਪ੍ਰੋਵਿਨਸ਼ੀਅਲ ਨੌਮਿਨੀ ਪ੍ਰੋਗਰਾਮ, ਕਿਊਬੈਕ ਸਕਿਲਡ ਵਰਕਰਜ਼ ਅਤੇ ਐਟਲਾਂਟਿਕ ਇੰਮੀਗ੍ਰੇਸ਼ਨ ਕਲਾਸ ਵਰਗੇ ਪ੍ਰੋਗਰਾਮਾਂ ਤਹਿਤ ਮੁੱਖ ਬਿਨੈਕਾਰ ਨੂੰ 950 ਡਾਲਰ ਦੇਣੇ ਹੋਣਗੇ ਜੋ ਮੌਜੂਦਾ ਸਮੇਂ ਵਿਚ 850 ਡਾਲਰ ਅਦਾ ਕਰ ਰਹੇ ਹਨ।

ਪਤਨੀ ਅਤੇ ਕਾਮਨ ਲਾਅ ਪਾਰਟਨਰ ਦੀ ਮੌਜੂਦਗੀ ਵਿਚ ਵੀ ਫੀਸ 950 ਡਾਲਰ ਹੀ ਰੱਖੀ ਗਈ ਹੈ। ਇੰਮੀਗ੍ਰੇਸ਼ਨ ਵਿਭਾਗ ਦਾ ਕਹਿਣਾ ਹੈ ਕਿ ਨਿਰਭਰ ਬੱਚਿਆਂ ਅਤੇ ਜੀਵਨ ਸਾਥੀਆਂ ਸਣੇ ਕਈ ਖਾਸ ਸ਼੍ਰੇਣੀਆਂ ਨੂੰ ਰਾਈਟ ਆਫ ਪਰਮਾਨੈਂਟ ਰੈਜ਼ੀਡੈਂਸ ਫੀਸ ਤੋਂ ਛੋਟ ਦਿਤੀ ਗਈ ਹੈ। ਦੱਸ ਦੇਈਏ ਕਿ ਰਾਈਟ ਆਫ਼ ਪਰਮਾਨੈਂਟ ਰੈਜ਼ੀਡੈਂਸ ਫੀਸ ਵੀ 515 ਡਾਲਰ ਤੋਂ ਵਧਾ ਕੇ 575 ਡਾਲਰ ਕੀਤੀ ਜਾ ਰਹੀ ਹੈ। 22 ਸਾਲ ਤੋਂ ਘੱਟ ਉਮਰ ਦੇ ਸਪੌਂਸਰਡ ਬੱਚਿਆਂ ਦੇ ਮਾਮਲੇ ਵਿਚ ਵੀ ਰਾਈਟ ਆਫ ਪਰਮਾਨੈਂਟ ਰੈਜ਼ੀਡੈਂਸ ਫੀਸ ਨਹੀਂ ਲਈ ਜਾਵੇਗੀ ਪਰ ਅਜਿਹੇ ਬੱਚਿਆਂ ਦਾ ਕੋਈ ਜੀਵਨ ਸਾਥੀ ਨਹੀਂ ਹੋਣਾ ਚਾਹੀਦਾ। ਇਸ ਤੋਂ ਇਲਾਵਾ ਮਨੁੱਖਤਾ ਦੇ ਆਧਾਰ 'ਤੇ ਜਾਂ ਤਰਸ ਦੇ ਆਧਾਰ 'ਤੇ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਹਾਸਲ ਕਰਨ ਵਾਲਿਆਂ ਦੇ ਮਾਮਲੇ ਵਿਚ ਮੁੱਖ ਬਿਨੈਕਾਰ ਨੂੰ ਰਾਈਟ ਆਫ ਪਰਮਾਨੈਂਟ ਰੈਜ਼ੀਡੈਂਸ ਫੀਸ ਤੋਂ ਰਾਹਤ ਦਿਤੀ ਗਈ ਹੈ। ਬਿਜ਼ਨਸ ਸ਼੍ਰੇਣੀ ਤਹਿਤ ਪੀ.ਆਰ. ਦੀ ਅਰਜ਼ੀ ਦਾਖਲ ਕਰਨ ਵਾਲਿਆਂ 1,810 ਡਾਲਰ ਦੇਣੇ ਹੋਣਗੇ ਜੋ ਮੌਜੂਦਾ ਸਮੇਂ ਵਿਚ 1,625 ਡਾਲਰ ਵਸੂਲ ਕੀਤੇ ਜਾ ਰਹੇ ਹਨ।

ਲਿਵ ਇਨ ਕੇਅਰ ਗਿਵਰ ਪ੍ਰੋਗਰਾਮ ਅਧੀਨ ਪੀ.ਆਰ. ਫੀਸ 570 ਡਾਲਰ ਤੋਂ ਵਧਾ ਕੇ 635 ਡਾਲਰ ਕਰ ਦਿਤੀ ਗਈ ਹੈ। ਇੰਮੀਗ੍ਰੇਸ਼ਨ ਵਿਭਾਗ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਪਰਮਿਟ ਹੋਲਡਰ ਸ਼੍ਰੇਣੀ ਅਧੀਨ ਪਰਮਾਨੈਂਟ ਰੈਜ਼ੀਡੈਂਸ ਦੀ ਅਰਜ਼ੀ ਦਾਖਲ ਕਰਨ ਵਾਲੇ ਆਪਣੇ ਪਰਵਾਰਕ ਮੈਂਬਰਾਂ ਨੂੰ ਅਰਜ਼ੀ ਦਾ ਹਿੱਸਾ ਨਹੀਂ ਬਣਾ ਸਕਦੇ। ਅਜਿਹੇ ਮਾਮਲਿਆਂ ਵਿਚ ਪੀ.ਆਰ. ਵਾਸਤੇ ਵੱਖਰੇ ਤੌਰ 'ਤੇ ਅਰਜ਼ੀ ਦਾਖਲ ਕਰਨੀ ਹੋਵੇਗੀ। ਪੀ.ਆਰ. ਫੀਸ ਵਿਚ ਵਾਧਾ ਅਜਿਹੇ ਸਮੇਂ ਕੀਤਾ ਜਾ ਰਿਹਾ ਹੈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਕੈਨੇਡਾ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਅਤੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾਉਣੀ ਹੋਵੇਗੀ। ਉਨ੍ਹਾਂ ਕਿਹਾ ਕਿ 2017 ਵਿਚ ਕੈਨੇਡੀਅਨ ਆਬਾਦੀ ਦਾ ਸਿਰਫ 2 ਫੀ ਸਦੀ ਹਿੱਸਾ ਆਰਜ਼ੀ ਪ੍ਰਵਾਸੀਆਂ ਨਾਲ ਸਬੰਧਤ ਸੀ ਪਰ ਹੁਣ ਇਹ ਗਿਣਤੀ 7.5 ਫੀ ਸਦੀ ਹੋ ਚੁੱਕੀ ਹੈ।




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888-864-3131



Jasbir Singh Hundal
Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2





Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਕੈਨੇਡਾ 'ਚ ਸਿੱਖ ਵਿਰਾਸਤੀ ਮਹੀਨੇ ਦੀਆਂ ਗੂੰਜਾਂ

## * ਫੈਡਰਲ ਮੰਤਰੀ ਕਮਲ ਖਹਿਰਾ ਨੇ ਸਰਕਾਰ ਵੱਲੋਂ ਦਿੱਤੀ ਵਧਾਈ *ਓਨਟਾਰੀਓ ਵਿਧਾਨ ਸਭਾ 'ਚ ਸਿੱਖਾਂ ਦੇ ਯੋਗਦਾਨ ਨੂੰ ਕੀਤਾ ਯਾਦ



ਟੋਰਾਂਟੋ, (ਪੰਜਾਬ ਸਟਾਰ) : ਕੈਨੇਡਾ ਵਿੱਚ ਸਿੱਖ ਵਿਰਾਸਤੀ ਮਹੀਨਾ ਆਰੰਭ ਹੋ ਗਿਆ ਹੈ ਅਤੇ ਸਭਿਆਚਾਰਕ ਵੰਨ-ਸੁਵੰਨਤਾ ਮਾਮਲਿਆਂ ਬਾਰੇ ਮੰਤਰੀ ਕਮਲ ਖਹਿਰਾ ਨੇ ਇਕ ਮਹੀਨਾ ਚੱਲਣ ਵਾਲੇ ਸਮਾਗਮਾਂ ਦਾ ਰਸਮੀ ਐਲਾਨ ਕਰਦਿਆਂ ਭਾਈਚਾਰੇ ਨੂੰ ਵਧਾਈ ਦਿਤੀ ਗਈ। ਭਾਰਤ ਤੋਂ ਬਾਹਰ ਸਿੱਖਾਂ ਦੀ ਸਭ ਤੋਂ ਸੰਘਣੀ ਵਸੋਂ ਕੈਨੇਡਾ ਵਿਚ ਹੈ ਅਤੇ ਇਸ ਮੁਲਕ ਵਿਚ ਭਾਈਚਾਰੇ ਦਾ ਇਤਿਹਾਸ ਸਵਾ ਸੌ ਸਾਲ ਤੋਂ ਵੀ ਵੱਧ ਪੁਰਾਣਾ ਹੈ।

ਕਮਲ ਖਹਿਰਾ ਨੇ ਕਿਹਾ ਕਿ ਸਿੱਖ ਇਤਿਹਾਸ, ਸਭਿਆਚਾਰ ਅਤੇ ਰਵਾਇਤਾਂ ਬਾਰੇ ਦੁਨੀਆਂ ਨੂੰ ਜਾਣੂ ਕਰਵਾਉਣ ਦਾ ਇਹ ਬਿਹਤਰੀਨ ਮੌਕਾ ਹੈ। ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹਮੇਸ਼ਾ ਨਿਸ਼ਕਾਮ ਸੇਵਾ ਲਈ ਯਤਨਸ਼ੀਲ ਰਹਿੰਦੀ ਹੈ। ਸਿੱਖਾਂ ਵੱਲੋਂ ਕੈਨੇਡੀਅਨ ਸਿਆਸਤ, ਕਾਰੋਬਾਰ, ਕਲਾ, ਮੈਡੀਸਨ ਅਤੇ ਸਿੱਖਿਆ ਖੇਤਰ ਵਿਚ ਕੀਤੀਆਂ ਅਣਗਿਣਤ ਪ੍ਰਾਪਤੀਆਂ ਨੂੰ ਉਭਾਰਿਆ ਜਾਣਾ ਚਾਹੀਦਾ ਹੈ।

ਸਿੱਖ ਵਿਰਾਸਤੀ ਮਹੀਨਾ ਮਨਾਉਂਦਿਆਂ ਸਾਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਸਭਿਆਚਾਰਕ ਵੰਨ ਸੁਵੰਨਤਾ ਹੀ ਸਾਡੀ ਤਾਕਤ ਹੈ ਅਤੇ ਸਾਡੀ ਤਾਕਤ ਦਾ ਦਾਰੋਮਦਾਰ ਸਾਡੇ ਏਕੇ ਉਤੇ ਟਿਕਿਆ ਹੋਇਆ ਹੈ। ਇਸੇ ਦੌਰਾਨ ਬੀ.ਸੀ. ਵਿਧਾਨ ਸਭਾ ਵਿਚ ਸਿੱਖ ਵਿਰਾਸਤੀ ਮਹੀਨੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੈਨੇਡਾ ਵਿੱਚ ਵੱਸਦੇ ਸਿੱਖਾਂ ਵਿਚੋ ਤਕਰੀਬਨ ਅੱਧੇ ਬੀ.ਸੀ. ਵਿਚ ਵਸਦੇ ਹਨ ਅਤੇ ਸੂਬੇ ਨੂੰ ਆਪਣੇ ਬਾਸ਼ਿੰਦਿਆਂ ਦੀ ਵਿਰਾਸਤ 'ਤੇ ਮਾਣ ਹੈ। ਆਉਣ ਵਾਲੇ ਸਮੇਂ ਦੌਰਾਨ ਵੀ ਸਿੱਖ ਭਾਈਚਾਰਾ ਸੂਬੇ ਅਤੇ ਮੁਲਕ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਉਂਦਾ ਰਹੇਗਾ।

## ਟੂਰ ਤੋਂ ਵਾਪਸ ਆ ਰਹੇ ਬੱਚਿਆਂ ਨਾਲ ਭਰੀ ਬੱਸ ਪਲਟੀ

### 4 ਬੱਚਿਆਂ ਸਣੇ 5 ਦੀ ਮੌਤ, ਕਈ ਜ਼ਖ਼ਮੀ



ਲਖਨਊ ਵਿਚ ਵੱਡਾ ਹਾਦਸਾ ਵਾਪਰਿਆ ਹੈ ਜਿਥੇ ਬਾਰਾਬੰਕੀ ਵਿਚ ਬੱਚਿਆਂ ਨਾਲ ਭਰੀ ਬੱਸ ਪਲਟ ਗਈ। ਹਾਦਸੇ ਵਿਚ 4 ਬੱਚਿਆਂ ਸਣੇ 5 ਦੀ ਮੌਤ ਹੋ ਗਈ। 12 ਗੰਭੀਰ ਜ਼ਖਮੀ ਦੱਸੇ ਜਾ ਰਹੇ ਹਨ। ਸਥਾਨਕ ਲੋਕਾਂ ਨੇ ਸ਼ੀਸ਼ਾ ਤੋੜ ਕੇ ਬੱਸ ਵਿਚ ਫਸੇ ਬੱਚਿਆਂ ਨੂੰ ਬਾਹਰ ਕੱਢਿਆ। ਜਾਣਕਾਰੀ ਮੁਤਾਬਕ ਅਧਿਆਪਕ ਤੇ ਬੱਚੇ ਟੂਰ ਤੋ ਵਾਪਸ ਆ ਰਹੇ ਸਨ ਕਿ ਰਸਤੇ ਵਿਚ ਵਿਚ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ ਤੇ ਪਲਟ ਗਈ। ਸਕੂਲ ਬੱਸ ਦੀ ਇਕ ਬਾਈਕ ਸਵਾਰ ਦੇ ਨਾਲ ਟੱਕਰ ਹੋ ਗਈ ਜਿਸ ਤੋ ਬਾਅਦ ਬੱਸ ਬੇਕਾਬੂ ਹੋ ਕੇ ਪਲਟ ਗਈ। ਬੱਸ 50 ਮੀਟਰ ਤੱਕ ਬੱਸ ਘਸੀਟਦੀ ਚਲੀ ਗਈ। ਬਾਈਕ ਸਵਾਰ ਸਣੇ 5 ਦੀ ਮੌਤ ਹੋ ਗਈ। ਬੱਸ ਵਿਚ 42 ਬੱਚਿਆਂ ਤੇ ਅਧਿਆਪਕਾਂ ਨੂੰ ਮਿਲਾ ਕੇ ਕੁੱਲ 50 ਲੋਕ ਸਵਾਰ ਸਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਅਧਿਆਪਕ ਤੇ ਬੱਚੇ ਕਿਸੇ ਟੂਰ ਤੋ ਵਾਪਸ ਪਰਤ ਰਹੇ ਸਨ ਕਿ ਬਾਈਕ ਸਵਾਰ ਨੂੰ ਬਚਾਉਣ ਦੇ ਚੱਕਰ ਵਿਚ ਹਾਦਸਾ ਹੋ ਗਿਆ। ਪਿੰਡ ਵਾਲਿਆਂ ਦੀ ਮਦਦ ਨਾ ਬਚਾਅ ਕੰਮ ਸ਼ੁਰੂ ਕੀਤਾ ਗਿਆ। ਜ਼ਖਮੀ ਬੱਚਿਆਂ ਨੂੰ ਐਂਬੂਲੈਂਸ ਤੋ ਜ਼ਿਲ੍ਹਾ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਬੱਸ ਨੇ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰੀ। ਇਸ ਨਾਲ ਬੱਸ ਬੇਕਾਬੂ ਹੋ ਕੇ ਪਲਟ ਗਈ। ਹਾਦਸਾ ਬਹੁਤ ਭਿਆਨਕ ਸੀ। ਚੀਕ-ਪੁਕਾਰ ਮਚ ਗਈ। ਸਾਰੇ ਲੋਕ ਬੱਚਿਆਂ ਨੂੰ ਬਚਾਉਣ ਲਈ ਦੌੜੇ। ਬਾਈਕ ਵਾਲਾ ਹਾਦਸੇ ਵਿਚ ਮਾਰਿਆ ਗਿਆ।

## ਫਿਨਲੈਂਡ ਦੇ ਸਕੂਲ 'ਚ ਗੋਲੀਬਾਰੀ ਕਾਰਨ ਕਈ ਜ਼ਖ਼ਮੀ



ਫਿਨਲੈਂਡ ਦੇ ਹੇਲਸਿੰਕੀ ਵਿੱਚ ਅੱਜ ਸਕੂਲ ਵਿੱਚ ਹੋਈ ਗੋਲੀਬਾਰੀ ਵਿੱਚ ਕਈ ਵਿਅਕਤੀ ਜ਼ਖਮੀ ਹੋ ਗਏ ਅਤੇ ਇੱਕ ਮਸ਼ਕੂਕ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਗੋਲੀਬਾਰੀ ਦੀ ਇਹ ਘਟਨਾ ਰਾਜਧਾਨੀ ਤੋ ਬਾਹਰ ਵੰਤਾ ਸ਼ਹਿਰ ਦੇ 'ਵਾਇਰਤੋਲਾ' ਸਕੂਲ ਵਿੱਚ ਵਾਪਰੀ। ਫਿਲਹਾਲ ਇਸ ਬਾਰੇ ਹੋਰ ਕੋਈ ਜਾਣਕਾਰੀ ਨਹੀ ਮਿਲੀ ਹੈ।

## ਬਰੈਂਪਟਨ ਵਿਖੇ ਗੁੰਡਾਗਰਦੀ ਦੇ ਮਾਮਲੇ 'ਚ 3 ਭਾਰਤੀ ਗ੍ਰਿਫ਼ਤਾਰ

### ਚੌਥੇ ਸ਼ੱਕੀ ਦੀ ਭਾਲ ਕਰ ਰਹੀ ਪੀਲ ਰੀਜਨਲ ਪੁਲਿਸ



ਬਰੈਂਪਟਨ, (ਪੰਜਾਬ ਸਟਾਰ) : ਬਰੈਂਪਟਨ ਦੀ ਸੜਕ 'ਤੇ ਪਿਛਲੇ ਹਫਤੇ ਸ਼ਰ੍ਹੇਆਮ ਹੋਈ ਗੁੰਡਾਗਰਦੀ ਦੇ ਮਾਮਲੇ ਵਿਚ ਪੀਲ ਰੀਜਨਲ ਪੁਲਿਸ ਨੇ ਤਿੰਨ ਜਣਿਆਂ ਨੂੰ ਕਾਬੂ ਕਰ ਲਿਆ ਹੈ ਜਦਕਿ ਚੌਥਾ ਹਾਲੇ ਵੀ ਫਰਾਰ ਦੱਸਿਆ ਜਾ ਰਿਹਾ ਹੈ। ਗ੍ਰਿਫ਼ਤਾਰ ਕੀਤੇ ਸ਼ੱਕੀਆਂ ਦੀ ਪਛਾਣ 23 ਸਾਲ ਦੇ ਰਮਨਪ੍ਰੀਤ ਮਸੀਹ, 28 ਸਾਲ ਦੇ ਆਕਾਸ਼ਦੀਪ ਸਿੰਘ ਅਤੇ 28 ਸਾਲ ਦੇ ਸੌਰਵ ਵਜੋ ਕੀਤੀ ਗਈ ਹੈ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਦੱਸਿਆ ਕਿਹਾ ਕਿ ਚਾਰ ਸ਼ੱਕੀਆਂ ਵਿਚੋ ਤਿੰਨ ਨੇ ਪੁਲਿਸ ਅੱਗੇ ਸਰੰਡਰ ਕਰ ਦਿਤਾ।

ਟੌਰਬ੍ਰਮ ਰੋਡ ਅਤੇ ਈਗਲਰਿੱਜ ਡਰਾਈਵ 'ਤੇ 27 ਮਾਰਚ ਨੂੰ ਹੋਈ ਵਾਰਦਾਤ ਨਾਲ ਸਬੰਧਤ ਵੀਡੀਓ ਸੋਸ਼ਲ ਮੀਡੀਆ 'ਤੇ ਬੇਹੱਦ ਵਾਇਰਲ ਹੋਈ। ਪੁਲਿਸ ਨੇ ਸ਼ੱਕੀਆਂ ਨੂੰ ਸਰੰਡਰ ਕਰਨ ਦਾ ਸੱਦਾ ਦਿਤਾ ਅਤੇ ਇਸੇ ਦੌਰਾਨ ਉਨ੍ਹਾਂ ਦੀ ਗੱਡੀ ਜ਼ਬਤ ਕਰ ਲਈ। ਹੁਣ ਚੌਥੇ ਸ਼ੱਕੀ ਦੀ ਭਾਲ ਕੀਤੀ ਜਾ ਰਹੀ ਹੈ ਜਿਸ ਦਾ ਕੱਦ ਛੇ ਫੁੱਟ ਹੈ ਅਤੇ ਵਾਰਦਾਤ ਵੇਲੇ ਉਸ ਨੇ 'ਜੌਰਡਨ 33' ਅੱਖਰਾਂ ਵਾਲੀ ਸਵੈਟ ਸ਼ਰਟ ਪਹਿਨੀ ਹੋਈ ਸੀ। ਮੁਢਲੇ ਤੌਰ 'ਤੇ ਪੀੜਤਾਂ ਬਾਰੇ ਕੋਈ ਗੱਲ ਸਾਹਮਣੇ ਨਾ ਆਈ ਪਰ ਫਿਰ ਇਕ ਨੌਜਵਾਨ ਨੇ ਮੀਡੀਆ ਸਾਹਮਣੇ ਆ ਕੇ ਸਭ ਕੁਝ ਬਿਆਨ ਕਰ ਦਿਤਾ।

ਉਸ ਨੇ ਦੱਸਿਆ ਕਿ ਸ਼ੱਕੀ ਖਤਰਨਾਕ ਤਰੀਕੇ ਨਾਲ ਗੱਡੀ ਚਲਾ ਰਹੇ ਸਨ ਜੋ ਕਿਸੇ ਦੀ ਜਾਨ ਵੀ ਜੋਖਮ ਵਿਚ ਪਾ ਸਕਦੀ ਸੀ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਫਰਾਰ ਸ਼ੱਕੀ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਜਾਂਚਕਰਤਾਵਾਂ ਨਾਲ 905 453 3311 ਐਕਸਟੈਨਸ਼ਨ 2133 'ਤੇ ਸੰਪਰਕ ਕਰੇ।

## ਅਮਰੀਕਾ ਦੀ ਇੱਕ ਅਦਾਲਤ ਨੇ 2 ਦਹਾਕੇ ਤੋਂ ਵੱਧ ਸਮਾਂ ਕੈਦ ਕੱਟਣ ਉਪਰੰਤ 3 ਕੈਦੀਆਂ ਨੂੰ ਕੀਤਾ ਬਰੀ



ਸੈਕਰਾਮੈਂਟੋ, (ਪੰਜਾਬ ਸਟਾਰ): ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਇਕ ਜੱਜ ਵੱਲੋ ਨਵੇਂ ਡੀ ਐਨ ਏ ਸਬੂਤ ਦੇ ਆਧਾਰ 'ਤੇ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਕੱਟ ਰਹੇ 3 ਵਿਅਕਤੀਆਂ ਜੋ ''ਚੈਸਟਰ ਤਿਕੜੀ' ਦੇ ਨਾਂ ਨਾਲ ਪ੍ਰਸਿੱਧ ਹਨ, ਨੂੰ ਬਰੀ ਕਰ ਦੇਣ ਦੀ ਖਬਰ ਹੈ ਜੋ 2 ਦਹਾਕੇ ਤੋ ਵਧ ਸਮਾਂ ਕੈਦ ਕੱਟ ਚੁੱਕੇ ਹਨ। ਡੈਰਿਕ ਚੈਪਲ (41), ਮੋਰਟਨ ਜੌਹਨਸਨ (44) ਤੇ ਸੈਮੂਏਲ ਗਰਾਸਟੀ (47) ਨੂੰ 1997 ਵਿਚ ਚੈਸਟਰ, ਪੈਨਸਿਲਵਾਨੀਆ ਵਿਚ 70 ਸਾਲਾ ਵਿਅਕਤੀ ਹੈਨਰੀਏਟਾ ਨਿਕਨਸ ਦੀ ਹੱਤਿਆ ਦੇ ਮਾਮਲੇ ਵਿੱਚ 2000 ਤੇ 2001 ਵਿਚ ਸੈਕੰਡ ਡਿਗਰੀ ਹੱਤਿਆ ਤੇ ਹੋਰ ਦੋਸ਼ਾਂ ਤਹਿਤ ਵੱਖ ਵੱਖ ਸੁਣਵਾਈ ਦੌਰਾਨ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਨਿਰੰਤਰ ਆਪਣੇ ਆਪ ਨੂੰ ਨਿਰਦੋਸ਼ ਕਹਿੰਦੇ ਰਹੇ ਹਨ। ਪਿਛਲੇ ਸਾਲ ਇਨਾਂ ਤਿੰਨਾਂ ਨੇ ਜੱਜ ਨੂੰ ਬੇਨਤੀ ਕੀਤੀ ਸੀ ਕਿ ਨਵੇਂ ਡੀ ਐਨ ਏ ਸਬੂਤ ਦੇ ਆਧਾਰ 'ਤੇ ਮੁਕੱਦਮੇ ਦੀ ਦੁਬਾਰਾ ਸੁਣਵਾਈ ਦਾ ਆਦੇਸ਼ ਦਿੱਤਾ ਜਾਵੇ ਕਿਉਂਕਿ ਨਵਾਂ ਡੀ ਐਨ ਏ ਸਬੂਤ ਕਿਸੇ ਹੋਰ ਅਣਪਛਾਤੇ ਵਿਅਕਤੀ ਦੇ ਦੋਸ਼ੀ ਹੋਣ ਵੱਲ ਇਸ਼ਾਰਾ ਕਰਦਾ ਹੈ। ਡੇਲਵੇਅਰ ਕਾਊਂਟੀ ਜੱਜ ਮੈਰੀ ਬਰੀਨਾਨ ਨੇ ਇਸ ਨਾਲ ਸਹਿਮਤੀ ਹੁੰਦਿਆਂ ਉਨਾਂ ਦੀ ਸਜ਼ਾ ਰੱਦ ਕਰਨ ਦਾ ਆਦੇਸ਼ ਦਿੱਤਾ ਹੈ ਤੇ ਉਨਾਂ ਦੇ ਮੁਕੱਦਮੇ ਦੀ ਨਵੇਂ ਸਿਰੇ ਤੋ ਸੁਣਵਾਈ ਦੀ ਬੇਨਤੀ ਪ੍ਰਵਾਨ ਕਰ ਲਈ ਹੈ।

## ਅਮਰੀਕਾ 'ਚ ਭਿਆਨਕ ਸੜਕ ਹਾਦਸਾ, ਭਾਰਤੀ ਮੂਲ ਦੀ ਮਾਂ-ਧੀ ਦੀ ਮੌਤ





ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਪੋਰਟਲੈਂਡ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਭਾਰਤੀ ਮੂਲ ਦੀ ਔਰਤ ਅਤੇ ਉਸਦੀ ਧੀ ਦੀ ਮੌਤ ਹੋ ਗਈ। ਪੀੜਤ ਪਰਿਵਾਰ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਇਹ ਘਟਨਾ ਓਰੇਗਨ 'ਚ ਉਸ ਸਮੇਂ ਵਾਪਰੀ, ਜਦੋਂ ਪੀੜਤ ਪਰਿਵਾਰ ਦੀ ਕਾਰ ਕਿਸੇ ਹੋਰ ਵਾਹਨ ਨਾਲ ਟਕਰਾ ਗਈ। ਪਰਿਵਾਰ ਕਾਮਥਮ ਗੀਤਾਂਜਲੀ ਦਾ ਜਨਮ ਦਿਨ ਮਨਾਉਣ ਲਈ ਮੰਦਰ ਜਾ ਰਿਹਾ ਸੀ। ਇਸ ਘਟਨਾ 'ਚ ਔਰਤ ਗੰਭੀਰ ਰੂਪ 'ਚ ਜ਼ਖਮੀ ਹੋ ਗਈ ਜਦਕਿ ਉਸ ਦੀ 6 ਸਾਲਾ ਧੀ ਹਨਿਕਾ ਦੀ ਮੌਤ ਹੋ ਗਈ। ਬਾਅਦ ਵਿਚ ਔਰਤ ਦੀ ਵੀ ਹਸਪਤਾਲ ਵਿੱਚ ਮੌਤ ਹੋ ਗਈ।

ਓਰੇਗਨ ਸਟੇਟ ਪੁਲਸ ਮੁਤਾਬਕ ਇਹ ਘਟਨਾ 30 ਮਾਰਚ ਦੀ ਹੈ। ਔਰਤ ਦੇ ਪਤੀ ਅਤੇ ਪੁੱਤਰ ਸਮੇਤ ਦੋ ਹੋਰ ਲੋਕ ਵੀ ਜ਼ਖਮੀ ਹੋਏ ਹਨ। ਹਾਲਾਂਕਿ ਇਸ ਘਟਨਾ 'ਚ ਔਰਤ ਦਾ ਪਤੀ ਨਰੇਸ਼ ਅਤੇ ਉਨ੍ਹਾਂ ਦਾ ਬੇਟਾ ਵਾਲ-ਵਾਲ ਬਚ ਗਏ। ਅਮਰੀਕਾ ਦੇ ਕੇਲ ਪਿੰਡ 'ਚ ਇਕ ਔਰਤ ਅਤੇ ਕੁੜੀ ਦੀ ਮੌਤ ਨੂੰ ਲੈ ਕੇ ਸੋਗ ਦਾ ਮਾਹੌਲ ਹੈ। ਮ੍ਰਿਤਕ ਔਰਤ ਗੀਤਾਂਜਲੀ ਦੇ ਪਤੀ ਕਾਮਥਮ ਨਰੇਸ਼ ਤੋ ਇਲਾਵਾ ਪਰਿਵਾਰ 'ਚ ਉਸ ਦੇ ਦੋ ਬੱਚੇ ਸਨ। ਉਸਦਾ ਪਤੀ ਅਮਰੀਕਾ ਵਿੱਚ ਇੱਕ ਸਾਫਟਵੇਅਰ ਇੰਜੀਨੀਅਰ ਹੈ। ਪਰਿਵਾਰ ਆਂਧਰਾ ਪ੍ਰਦੇਸ਼ ਦੇ ਪੇਨੁਗਾਂਚੀਪ੍ਰੋਲੂ ਮੰਡਲ ਦੇ ਕੋਨਾਕਾਂਚੀ ਪਿੰਡ ਦਾ ਰਹਿਣ ਵਾਲਾ ਹੈ। ਪਿੰਡ ਕੋਨਾਕਚੀ ਵਿੱਚ ਮ੍ਰਿਤਕ ਦੇ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਲਈ ਮ੍ਰਿਤਕ ਦੇਹਾਂ ਨੂੰ ਭਾਰਤ ਲਿਆਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

## ਅਮਰੀਕਾ 'ਚ ਗੈਰ-ਪ੍ਰਵਾਸੀ ਵੀਜ਼ਾ ਫੀਸਾਂ 'ਚ ਭਾਰੀ ਵਾਧਾ



ਨਿਊਯਾਰਕ, (ਪੰਜਾਬ ਸਟਾਰ): ਅਮਰੀਕਾ ਦੇ ਗੈਰ-ਪ੍ਰਵਾਸੀ ਵੀਜ਼ਾ ਲਈ ਵਸੂਲੀ ਜਾਣ ਵਾਲੀ ਫੀਸ 'ਚ 1 ਅਪ੍ਰੈਲ ਤੋ ਲਗਭਗ ਤਿੰਨ ਗੁਣਾ ਵਾਧਾ ਹੋਇਆ ਹੈ। ਇਹ ਵਾਧਾ ਐੱਚ-1ਬੀ, ਐੱਲ-1 ਅਤੇ ਈਬੀ-5 ਵੀਜ਼ਾ 'ਤੇ ਲਾਗੂ ਹੋਇਆ ਹੈ।

ਇਹ ਫੀਸ ਵਾਧਾ ਕਰੀਬ ਅੱਠ ਸਾਲਾਂ ਬਾਅਦ ਹੋਇਆ ਹੈ। ਇਸ ਤੋ ਪਹਿਲਾਂ 2016 ਵਿਚ ਫੀਸਾਂ ਵਿਚ ਵਾਧਾ ਕੀਤਾ ਗਿਆ ਸੀ। ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਪਹਿਲਾਂ ਹੀ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਹੈ ਕਿ ਵੀਜ਼ਾ 'ਚ ਵਾਧੇ ਤੋ ਬਾਅਦ ਨਵੇਂ ਚਾਰਜ 1 ਅਪ੍ਰੈਲ ਤੋ ਲਾਗੂ ਹੋਣਗੇ।

ਨਵੇਂ ਐੱਚ-1ਬੀ ਵੀਜ਼ਾ ਲਈ ਅਰਜ਼ੀ ਦੇਣ ਲਈ ਇੱਕ ਫਾਰਮ ਆਈ-129 ਹੈ, ਜਿਸ ਦੀ ਫੀਸ 460 ਡਾਲਰ ਤੋਂ ਵਧ ਕੇ 780 ਡਾਲਰ ਹੋ ਗਈ ਹੈ। ਭਾਰਤੀ ਮੁਦਰਾ ਵਿਚ, ਇਹ 38,000 ਰੁਪਏ ਤੋ ਵੱਧ ਕੇ 64,000 ਰੁਪਏ ਹੋ ਗਿਆ ਹੈ। ਇਸ ਤੋ ਇਲਾਵਾ ਐੱਚ-1ਬੀ ਰਜਿਸਟ੍ਰੇਸ਼ਨ ਫੀਸ 10 ਡਾਲਰ (829 ਰੁਪਏ) ਤੋ ਵਧ ਕੇ 215 ਡਾਲਰ (ਲਗਭਗ 17,000 ਰੁਪਏ) ਹੋ ਗਈ ਹੈ।

ਇਸ ਤੋਂ ਬਾਅਦ ਐੱਲ-1 ਵੀਜ਼ਾ ਫੀਸ 1 ਅਪ੍ਰੈਲ ਤੋ ਤਿੰਨ ਗੁਣਾ ਵਧ ਗਈ ਹੈ, ਜੋ ਕਿ ਪਹਿਲਾਂ 460 ਡਾਲਰ ਡਾਲਰ (ਲਗਭਗ 38,000 ਰੁਪਏ) ਸੀ ਤੇ ਹੁਣ 1385 ਡਾਲਰ (1,10,000 ਰੁਪਏ) ਹੋਣ ਦੀ ਸੰਭਾਵਨਾ ਹੈ। ਐੱਲ-1 ਅਮਰੀਕਾ ਵਿਚ ਗੈਰ-ਪ੍ਰਵਾਸੀ ਵੀਜ਼ਾ ਸ਼੍ਰੇਣੀ ਦੇ ਅਧੀਨ ਆਉਂਦਾ ਹੈ। ਇਹ ਕੰਪਨੀ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੇ ਤਬਾਦਲੇ ਲਈ ਤਿਆਰ ਕੀਤਾ ਗਿਆ ਹੈ।

ਨਾਲ ਹੀ ਈਬੀ-5 ਵੀਜ਼ਾ ਫੀਸ ਤਿੰਨ ਗੁਣਾ ਹੋਣ ਦੀ ਉਮੀਦ ਹੈ। ਇਸ ਦੇ ਵਧ ਕੇ 11160 ਡਾਲਰ (ਲਗਭਗ 9 ਲੱਖ ਰੁਪਏ) ਹੋਣ ਦੀ ਉਮੀਦ ਹੈ, ਜਦੋ ਕਿ ਇਸ ਪਹਿਲਾਂ ਇਹ 3675 ਡਾਲਰ (ਲਗਭਗ 3 ਲੱਖ ਰੁਪਏ) ਸੀ। ਈ.ਬੀ.-5 ਵੀਜ਼ਾ ਅਮਰੀਕੀ ਸਰਕਾਰ ਨੇ 1990 ਵਿਚ ਸ਼ੁਰੂ ਕੀਤਾ ਸੀ। ਇਸ ਤਹਿਤ ਉਚ ਆਮਦਨੀ ਵਾਲੇ ਵਿਦੇਸ਼ੀ ਨਿਵੇਸ਼ਕ ਅਮਰੀਕੀ ਕਾਰੋਬਾਰਾਂ ਵਿਚ ਘੱਟੋ-ਘੱਟ 5 ਮਿਲੀਅਨ ਡਾਲਰ ਦਾ ਨਿਵੇਸ਼ ਕਰਕੇ ਆਪਣੇ ਪਰਿਵਾਰਾਂ ਲਈ ਵੀਜ਼ਾ ਪ੍ਰਾਪਤ ਕਰ ਸਕਦੇ ਹਨ। ਇਸ ਤਹਿਤ ਉਸ ਨੂੰ ਕਾਰੋਬਾਰ ਵਿਚ ਘੱਟੋ-ਘੱਟ 10 ਅਮਰੀਕੀਆਂ ਨੂੰ ਰੁਜ਼ਗਾਰ ਦੇਣਾ ਲਾਜ਼ਮੀ ਹੁੰਦਾ ਹੈ।

## ਅਮਰੀਕਾ ਵਿੱਚ ਫ਼ੌਤ ਹੋਏ ਨੌਜਵਾਨ ਦੀ ਲਾਸ਼ ਮੰਗਵਾਉਣ ਲਈ ਵਿਦੇਸ਼ ਮੰਤਰਾਲੇ ਨੂੰ ਅਪੀਲ



ਕਾਹਨੂੰਵਾਨ (ਪੰਜਾਬ ਸਟਾਰ): ਤਿੰਨ ਦਿਨ ਪਹਿਲਾਂ ਅਮਰੀਕਾ ਵਿੱਚ ਫ਼ੌਤ ਹੋਏ ਨੌਜਵਾਨ ਦੇ ਸਕੇ ਸਬੰਧੀਆਂ ਨੇ ਵਿਦੇਸ਼ ਮੰਤਰਾਲੇ ਤੋ ਉਸ ਦੀ ਲਾਸ਼ ਮੰਗਵਾਉਣ ਦੀ ਮੰਗ ਕੀਤੀ ਹੈ। ਹਰਵਿੰਦਰ ਸਿੰਘ ਵਾਸੀ ਪਿੰਡ ਭੱਟੀਆਂ ਨੇ ਦੱਸਿਆ ਕਿ ਵਿਦੇਸ਼ ਗਏ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਹਰਪ੍ਰੀਤ ਸਿੰਘ (32) ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਗੁਰਦਾਸਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਿੰਨ ਦਿਨ ਪਹਿਲਾਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਉਹ ਉਥੇ ਟਰਾਲਾ ਚਲਾਉਂਦਾ ਸੀ। ਉਹ 13 ਸਾਲ ਤੋ ਅਮਰੀਕਾ ਹੀ ਰਹਿ ਰਿਹਾ ਸੀ। ਰਿਸ਼ਤੇਦਾਰਾਂ ਅਤੇ ਪਰਿਵਾਰ ਵੱਲੋ ਵਿਦੇਸ਼ ਮੰਤਰਾਲੇ ਤੋ ਮੰਗ ਕੀਤੀ ਜਾ ਰਹੀ ਹੈ ਕਿ ਹਰਪ੍ਰੀਤ ਸਿੰਘ ਦੀ ਲਾਸ਼ ਵਾਪਸ ਮੰਗਵਾਉਣ ਲਈ ਅਮਰੀਕਾ ਅੰਬੈਸੀ ਦੇ ਅਧਿਕਾਰੀਆਂ ਨਾਲ ਰਾਬਤਾ ਕਰ ਕੇ ਇਸ ਸਬੰਧੀ ਗੱਲਬਾਤ









# Forbes Rich List 'ਚ ਭਾਰਤ ਨੇ ਬਣਾਇਆ ਰਿਕਾਰਡ

## ਮੁਕੇਸ਼ ਅੰਬਾਨੀ ਬਣੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ



ਫੋਰਬਸ ਦੀ ਦੁਨੀਆਂ ਦੇ ਅਰਬਪਤੀਆਂ ਦੀ 2024 ਦੀ ਸੂਚੀ ਵਿੱਚ ਇਸ ਵਾਰ 200 ਭਾਰਤੀਆਂ ਦੇ ਨਾਮ ਸ਼ਾਮਲ ਹਨ। ਪਿਛਲੇ ਸਾਲ ਇਸ ਵਿੱਚ 169 ਭਾਰਤੀਆਂ ਦੇ ਨਾਮ ਸਨ । ਇਨ੍ਹਾਂ ਭਾਰਤੀਆਂ ਦੀ ਕੁੱਲ ਜਾਇਦਾਦ 954 ਅਰਬ ਡਾਲਰ ਹੈ, ਜੋ ਪਿਛਲੇ ਸਾਲ ਦੇ 675 ਅਰਬ ਡਾਲਰ ਦੇ ਮੁਕਾਬਲੇ 41 ਫ਼ੀਸਦੀ ਜ਼ਿਆਦਾ ਹੈ। ਫੋਰਬਸ ਦੀ ਭਾਰਤੀ ਅਰਬਪਤੀਆਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਮੁਕੇਸ਼ ਅੰਬਾਨੀ ਦਾ ਨਾਮ ਹੈ, ਜਿਨ੍ਹਾਂ ਦੀ ਜਾਇਦਾਦ 83 ਅਰਬ ਡਾਲਰ ਤੋਂ ਵਧ ਕੇ 116 ਅਰਬ ਡਾਲਰ ਹੋ ਗਈ ਹੈ । ਜਿਸ ਦੇ ਨਾਲ ਉਹ 100 ਅਰਬ ਡਾਲਰ ਕਲੱਬ ਵਿੱਚ ਪ੍ਰਵੇਸ਼ ਕਰਨ ਵਾਲੇ ਪਹਿਲੇ ਏਸ਼ਿਆਈ ਬਣ ਗਏ। ਮੁਕੇਸ਼ ਅੰਬਾਨੀ ਨੇ ਦੁਨੀਆਂ ਦੇ 9ਵੇਂ ਸੱਭ ਤੋਂ ਅਮੀਰ ਵਿਅਕਤੀ ਵਜੋਂ ਅਪਣਾ ਸਥਾਨ ਬਰਕਰਾਰ ਰੱਖਿਆ ਹੈ ਅਤੇ ਭਾਰਤ ਅਤੇ ਏਸ਼ੀਆ ਦੇ ਸਭ ਤੋ ਅਮੀਰ ਵਿਅਕਤੀ ਹਨ। ਇਸ ਸੂਚੀ ਮੁਤਾਬਕ ਗੌਤਮ ਅਡਾਨੀ ਦੂਜੇ ਸਭ ਤੋਂ ਅਮੀਰ ਭਾਰਤੀ ਹਨ । ਉਨ੍ਹਾਂ ਦੀ ਜਾਇਦਾਦ ਵਿੱਚ 36.8 ਅਰਬ ਡਾਲਰ ਦਾ ਵਾਧਾ ਹੋਇਆ ਹੈ । ਉਹ 84 ਅਰਬ ਡਾਲਰ ਦੀ ਜਾਇਦਾਦ ਨਾਲ ਸੂਚੀ ਵਿੱਚ 17ਵੇਂ ਸਥਾਨ 'ਤੇ ਹਨ । ਸਾਵਿਤਰੀ ਜਿੰਦਲ ਭਾਰਤ ਦੀ ਸਭ ਤੋਂ ਅਮੀਰ ਮਹਿਲਾ ਬਣੀ ਹੋਈ ਹੈ । ਉਨ੍ਹਾਂ ਦਾ ਨਾਮ ਭਾਰਤ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਚੌਥੇ ਨੰਬਰ 'ਤੇ ਹੈ। ਇੱਕ ਸਾਲ ਪਹਿਲਾਂ ਉਹ 6ਵੇਂ ਸਥਾਨ 'ਤੇ ਸੀ। ਉਨ੍ਹਾਂ ਦੀ ਕੁੱਲ ਜਾਇਦਾਦ 33.5 ਅਰਬ ਡਾਲਰ ਹੈ। ਇਸ ਸੂਚੀ ਵਿੱਚ 25 ਨਵੇਂ ਭਾਰਤੀ ਅਰਬਪਤੀ ਸ਼ਾਮਲ ਹੋਏ ਹਨ । ਇਨ੍ਹਾਂ ਵਿੱਚ ਨਰੇਸ਼ ਤ੍ਰੇਹਨ, ਰਮੇਸ਼ ਕੁਨਹੀਕਾਨਨ ਅਤੇ ਰੇਣੁਕਾ ਜਗਤਿਆਨੀ ਸ਼ਾਮਲ ਹਨ । ਇਸ ਦੇ ਨਾਲ ਹੀ ਬਾਈਜੂ ਰਵਿੰਦਰਨ ਅਤੇ ਰੋਹਿਕਾ ਮਿਸਤਰੀ ਦੇ ਨਾਂ ਸੂਚੀ ਤੋਂ ਬਾਹਰ ਹੋ ਗਏ ਹਨ। ਦੱਸ ਦੇਈਏ ਕਿ ਮੰਗਲਵਾਰ ਨੂੰ ਜਾਰੀ ਹੋਈ ਫੋਰਬਸ ਦੀ ਸੂਚੀ ਵਿਚਪਹਿਲੇ ਨੰਬਰ 'ਤੇ ਫ੍ਰਾਂਸ ਦੇ ਬਰਨਾਰਡ ਅਰਨਾਲਟ ਤੇ ਉਨ੍ਹਾਂ ਦਾ ਪਰਿਵਾਰ ਆਇਆ ਹੈ। ਬਰਨਾਰਡ ਅਰਨਾਲਟ 233 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ ਵਿਸ਼ਵ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਪਹਿਲੇ ਸਥਾਨ 'ਤੇ ਪਹੁੰਚੇ ਹਨ। ਇਸ ਸੂਚੀ ਵਿੱਚ ਦੂਜੇ ਨੰਬਰ 'ਤੇ ਅਮਰੀਕਾ ਦੇ ਰਹਿਣ ਵਾਲੇ TESLA ਤੇ SpaceX ਕੰਪਨੀ ਦੇ ਮਾਲਕ ਐਲਨ ਮਸਕ ਹਨ, ਜਿਨ੍ਹਾਂ ਦੀ ਸੰਪਤੀ 195 ਬਿਲੀਅਨ ਡਾਲਰ ਦੱਸੀ ਗਈ ਹੈ। ਲਿਸਟ ਵਿੱਚ ਅਮਰੀਕਾ ਦੇ ਰਹਿਣ ਵਾਲੇ ਅਮੇਜ਼ਨ ਦੇ ਫਾਊਂਡਰ ਜੇਫ ਬੇਜੋਸ ਆਪਣੀ 194 ਬਿਲੀਅਨ ਡਾਲਰ ਦੀ ਜਾਇਦਾਦ ਦੇ ਨਾਲ ਤੀਜੇ ਸਥਾਨ 'ਤੇ ਪਹੁੰਚੇ ਹਨ। ਚੌਥੇ ਸਥਾਨ 'ਤੇ ਅਮਰੀਕੀ ਬਿਜ਼ਨੈੱਸਮੈਨ ਮੇਟਾ ਦੇ ਫਾਊਂਡਰ ਮਾਰਕ ਜ਼ੁਕਰਬਰਗ ਹੈ। ਪੰਜਵੇਂ ਨੰਬਰ 'ਤੇ ਲੈਰੀ ਐਲਿਸਨ ਹੈ, ਜੋ ਆਰਿਕਲ ਕੰਪਨੀ ਚਲਾਉਂਦੇ ਹਨ, ਇਨ੍ਹਾਂ ਕੋਲ 141 ਬਿਲੀਅਨ ਡਾਲਰ ਦੀ ਜਾਇਦਾਦ ਦਰਜ ਕੀਤੀ ਗਈ ਹੈ।

# ਗੁਰਦਾਸਪੁਰ ਦੇ ਨੌਜਵਾਨ ਦੀ ਕਨੇਡਾ 'ਚ ਮੌਤ



ਕੈਨੇਡਾ ਦੀ ਧਰਤੀ 'ਤੋ ਇੱਕ ਮੰਦਭਾਗੀ ਖਬਰ ਸਾਹਮਣੇ ਆਈ ਹੈ। ਇੱਥੇ ਇੱਕ ਪੰਜਾਬੀ ਨੌਜਵਾਨ ਦਾ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਸਤਿੰਦਰ ਸਿੰਘ (23) ਪੁੱਤਰ ਦਲਬੀਰ ਸਿੰਘ ਵਾਸੀ ਗੁਰਦਾਸਪੁਰ ਦੇ ਥਾਣਾ ਕਲਾਨੌਰ ਅਧੀਨ ਪੈਂਦੇ ਪਿੰਡ ਸ਼ੇਖ ਮੀਰ ਵਜੋਂ ਹੋਈ ਹੈ। ਇਸ ਘਟਨਾ ਕਾਰਨ ਵਿਧਵਾ ਮਾਂ 'ਤੇ ਦੁੱਖ ਦਾ ਪਹਾੜ ਡਿੱਗ ਪਿਆ ਹੈ। ਸਤਿੰਦਰ ਸਿੰਘ ਦੀ ਮੌਤ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਨੌਜਵਾਨ ਦੇ ਚਚੇਰੇ ਭਰਾ ਤੇਜਵੀਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਸਤਿੰਦਰ ਸਿੰਘ ਇਕ ਸਾਲ ਪਹਿਲਾਂ 5 ਅਪ੍ਰੈਲ 2023 ਨੂੰ ਰੋਜ਼ੀ-ਰੋਟੀ ਲਈ ਵਿੰਡਸਰ, ਓਨਟਾਰੀਓ, ਕਨੇਡਾ ਗਿਆ ਸੀ। ਸਤਿੰਦਰ ਸਿੰਘ ਹਰ ਰੋਜ਼ ਸਵੇਰੇ ਆਪਣੀ ਮਾਂ ਨੂੰ ਫੋਨ ਕਰਦਾ ਸੀ ਅਤੇ ਐਤਵਾਰ ਨੂੰ ਜਦੋਂ ਫੋਨ ਨਹੀ ਆਇਆ ਤਾਂ ਮਾਤਾ ਸਰਬਜੀਤ ਕੌਰ ਨੇ ਕਈ ਵਾਰ ਫੋਨ ਕੀਤਾ ਪਰ ਕਿਸੇ ਨੇ ਨਹੀਂ ਚੁੱਕਿਆ। ਇਸ ਤੋਂ ਬਾਅਦ ਇੱਕ ਨੌਜਵਾਨ ਨੇ ਫੋਨ 'ਤੇ ਦੱਸਿਆ ਕਿ ਸਤਿੰਦਰ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਤੇਜਬੀਰ ਨੇ ਦੱਸਿਆ ਕਿ ਉਸ ਦਾ ਭਰਾ ਗੁਰਦਾਸ ਮਾਡਰਨ ਸੀਨੀਅਰ ਸਕੂਲ ਲੱਖਣਕਲਾਂ ਤੋਂ ਕੰਪਿਊਟਰ ਡਿਪਲੋਮਾ ਕਰ ਕੇ ਕਨੇਡਾ ਚਲਾ ਗਿਆ ਸੀ। ਮ੍ਰਿਤਕ ਸਤਿੰਦਰ ਸਿੰਘ ਦੇ ਪਿਤਾ ਦੀ ਕਰੀਬ 5 ਸਾਲ ਪਹਿਲਾਂ ਮੌਤ ਹੋ ਗਈ ਸੀ ਅਤੇ ਉਹ ਆਪਣੀ ਮਾਂ ਦੀ ਮਦਦ ਨਾਲ ਪੜ੍ਹਾਈ ਕਰ ਰਿਹਾ ਸੀ। ਸਤਿੰਦਰ ਸਿੰਘ ਕੋਲ ਸਿਰਫ਼ ਇੱਕ ਏਕੜ ਜ਼ਮੀਨ ਸੀ ਅਤੇ ਉਹ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਿਆ ਹੋਇਆ ਸੀ।

# ਪੁਰਾਤਨ ਸਾਜਾਂ ਨਾਲ ਸ਼ਿੰਗਾਰੀ ਸੱਭਰੰਗ ਦੀ ਸ਼ਾਮ ਬਣੀ ਯਾਦਗਾਰੀ




ਟੋਰਾਂਟੋ (ਹਰਜੀਤ ਸਿੰਘ ਬਾਜਵਾ): ਸੱਭਰੰਗ ਆਰਟਸ ਐਂਡ ਕਲਚਰਲ ਸੁਸਾਇਟੀ ਦੇ ਸ੍ਰ.ਰਮਨ ਅੰਗਰੋਆ ਅਤੇ ਅਮਨ ਅੰਗਰੋਆ ਵੱਲੋਂ ਪੰਜਾਬੀ ਸੰਗੀਤ ਅਤੇ ਪੁਰਾਤਨ ਸੰਗੀਤਕ ਸਾਜ ਜੋ ਅਲੋਪ ਹੋ ਰਹੇ ਨੇ ਨੂੰ ਜਿੰਦਾ ਰੱਖਣ ਅਤੇ ਸੰਭਾਲਣ ਦੀ ਕੋਸ਼ਿਸ਼ ਤਹਿਤ ਇੱਕ ਸੰਗੀਤਕ ਸ਼ਾਮ ਬਰੈਂਪਟਨ ਦੇ ਪੰਜਾਬੀ ਭਵਨ ਵਿਖੇ ਕਰਵਾਈ ਗਈ, ਹਰ ਇੱਕ ਲਈ ਮੁਫਤ ਦਾਖਲੇ ਵਾਲੀ ਵਿੱਚ ਸ਼ਾਮ ਵਿੱਚ ਜਿੱਥੇ ਮਰਹੂਮ ਪੰਜਾਬੀ ਗਾਇਕ ਯਮਲਾ ਜੱਟ ਦੇ ਪੋਤਰੇ ਵਿਜੇ ਯਮਲਾ ਅਤੇ ਉਹਨਾਂ ਦੀ ਟੀਮ ਵੱਲੋ ਪੰਜਾਬੀ ਸੰਗੀਤ ਵਿੱਚ ਵਰਤੇ ਜਾਣ ਵਾਲੇ ਲਗਭੱਗ ਸਾਰੇ ਸਾਜ ਨਾਂ ਸਿਰਫ ਵਜਾ ਕੇ ਹਾਜ਼ਰੀਨ ਨਾਲ ਸਾਂਝ ਪਾਈ ਸਗੋਂ ਆਪਣੀ ਸਹਿ ਗਾਇਕਾ ਸਿਮਰਨ ਨਾਲ ਕੁਝ ਪੁਰਾਣੇ ਗੀਤਾਂ ਨਾਲ ਵੀ ਹਾਜ਼ਰੀ ਲੁਆਈ। ਇਹ ਸ਼ਾਮ ਏਨੀ ਖ਼ੂਬਸੂਰਤ ਸੀ ਕਿ ਇੱਕ ਤਾਂ ਕਈ ਲੋਕਾਂ ਨੇ ਕਈ ਸਾਜ ਹੀ ਪਹਿਲੀ ਵਾਰ ਵੇਖੇ ਸਨ ਅਤੇ ਦੂਜਾ ਉਹਨਾਂ ਦੇ ਸਾਹਮਣੇ ਇਹਨਾਂ ਪੁਰਾਤਨ ਸਾਜਾਂ ਦੀ ਪੇਸ਼ਕਾਰੀ ਇਸ ਸ਼ਾਮ ਨੂੰ ਹੋਰ ਵੀ ਸੁਹਾਵਣੀ ਬਣਾ ਰਹੀ ਸੀ। ਇਸ ਮੌਕੇ ਵਿਜੇ ਯਮਲਾ ਵੱਲੋ ਜਿੱਥੇ ਉਸਤਾਦ ਯਮਲਾ ਜੱਟ ਦੇ ਕਈ ਗੀਤ ਸੁਣਾਏ ਉੱਥੇ ਹੀ ਕਰਮਜੀਤ ਬੱਗਾ ਨੇ ਵੀ ਉਸਦਾ ਸੰਗੀਤਕ ਧੁੰਨਾਂ ਉੱਤੇ ਪੂਰਾ ਸਾਥ ਦਿੱਤਾ।

# ਕਨੇਡਾ ਅੰਤਰਰਾਸ਼ਟਰੀ ਸਟੂਡੈਂਟ ਵੀਜੇ 'ਤੇ ਆਏ ਨਵਰਾਜ ਸਿੰਘ ਨੇ ਦਰਖ਼ਤ ਨਾਲ ਫਾਹਾ ਲੈ ਕੇ ਕੀਤੀ ਖ਼ੁਦਕੁਸ਼ੀ



ਅੰਤਰਰਾਸ਼ਟਰੀ ਸਟੂਡੈਂਟ ਵੀਜੇ 'ਤੇ ਆਏ ਨਵਰਾਜ ਸਿੰਘ ਨੇ ਦਰੱਖ਼ਤ ਨਾਲ ਫਾਹ ਲੈ ਕੇ ਖ਼ੁਦਕੁਸ਼ੀ ਕਰ ਲਈ। ਨਵਰਾਜ ਸਿੰਘ ਅਗਸਤ 2022 ਵਿੱਚ ਰੁਪਾਣਾ ਜਿਲ੍ਹਾ ਮੁਕਤਸਰ ਸਾਹਿਬ ਤੋਂ ਪੜ੍ਹਾਈ ਕਰਨ ਲਈ ਕੈਨੇਡਾ ਆਇਆ ਸੀ। ਨਵਰਾਜ ਸਿੰਘ ਤਕਰੀਬਨ 12 ਵਜੇ ਦੁਪਹਿਰ, ਮਾਰਚ 2024 ਤੋ ਲਾਪਤਾ ਸੀ। ਹੁਣ ਪੁਲਿਸ ਨੇ ਗਲੈਂਕਾਸਟਰ ਰੋਡ ਨੇੜੇ ਹੈਮਿਲਟਨ ਨੇੜਿਉਂ ਉਸਦੀ ਡੈੱਡ ਬਾਡੀ ਇੱਕ ਦਰੱਖ਼ਤ ਨਾਲ ਲਟਕਦੀ ਬਰਾਮਦ ਕੀਤੀ ਹੈ। ਆਤਮ ਹੱਤਿਆ ਦੇ ਕਾਰਨਾਂ ਬਾਰੇ ਹਾਲੇ ਪਤਾ ਨਹੀਂ ਲੱਗਾ। ਪਰਿਵਾਰ ਵੱਲੋਂ Go fund me ਰਾਹੀਂ ਮਾਇਕ ਸਹਾਇਤਾ ਦੀ ਅਪੀਲ ਕੀਤੀ ਹੈ।

ਅਵਤਾਰ ਧਾਲੀਵਾਲ

# ਟਾਂਡਾ ਦੀ ਧੀ ਨੇ ਵਧਾਇਆ ਪੰਜਾਬੀਆਂ ਦਾ ਮਾਣ

## ਕਨੇਡਾ ਏਅਰਫੋਰਸ 'ਚ ਬਣੀ ਕਮਿਸ਼ਨ ਰੈਂਕ ਕੈਪਟਨ



ਕਨੇਡਾ (ਪੰਜਾਬ ਸਟਾਰ): ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਵੱਸੇ ਪੰਜਾਬੀ ਆਪਣੀ ਸਖ਼ਤ ਮਿਹਨਤ ਅਤੇ ਲਗਨ ਨਾਲ ਉੱਚੇ ਮੁਕਾਮ ਹਾਸਲ ਕਰ ਰਹੇ ਹਨ। ਅਜਿਹੀਆਂ ਮਿਸਾਲਾਂ ਵਿੱਚੋ ਇਕ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਾਂਦੀਆ ਦੇ ਪਰਿਵਾਰ ਦੀ ਧੀ ਨਾਲ ਵੀ ਸੰਬੰਧਤ ਹੈ, ਜਿਸ ਨੇ ਕੈਨੇਡਾ ਵਿਚ ਸਫ਼ਲਤਾ ਦੇ ਝੰਡੇ ਗੱਡੇ ਹਨ। ਟਾਂਡਾ ਦੀ ਅਨਮੋਲ ਕੌਰ ਚੌਹਾਨ ਕੈਨੇਡਾ ਏਅਰਫੋਰਸ 'ਚ ਕਮਿਸ਼ਨਡ ਰੈਂਕ ਕੈਪਟਨ ਬਣੀ ਹੈ। ਮਿਲੀ ਜਾਣਕਾਰੀ ਮੁਤਾਬਕ ਸੇਵਾਮੁਕਤ ਪ੍ਰਿੰਸੀਪਲ ਧਅੜ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਕਸ਼ਮੀਰ ਸਿੰਘ ਚੌਹਾਨ ਦੀ ਪੋਤਰੀ ਅਨਮੋਲ ਕੌਰ ਚੌਹਾਨ ਪੁੱਤਰੀ ਤੇਜਿੰਦਰ ਸਿੰਘ ਅਤੇ ਰਣਜੀਤ ਕੌਰ ਨੇ ਮਕੈਨੀਕਲ ਇੰਜੀਨੀਰਿੰਗ ਦੀ ਪੜ੍ਹਾਈ ਕਰਨ ਮਗਰੋ ਕੈਨੇਡਾ ਏਅਰਫੋਰਸ ਵਿੱਚ ਕਮਿਸ਼ਨਡ ਰੈਂਕ ਕੈਪਟਨ ਵਜੋਂ ਚੁਣੀ ਗਈ ਹੈ। ਪਿਛਲੇ ਕਈ ਦਹਾਕਿਆਂ ਤੋ ਕੈਨੇਡਾ ਵਿਚ ਵਸਿਆ ਚੌਹਾਨ ਪਰਿਵਾਰ ਆਪਣੇ ਪਿੰਡ ਦੀ ਮਿੱਟੀ ਨਾਲ ਜੁੜਿਆ ਹੈ। ਪੰਜਾਬੀਅਤ ਦੀ ਪਰਵਰਿਸ਼ ਦੇ ਚਲਦਿਆਂ ਕੈਨੇਡੀਅਨ ਬੋਰਨ ਕੈਪਟਨ ਅਨਮੋਲ ਕੌਰ ਨੇ ਪਿੰਡ ਰਾਂਦੀਆਂ ਆ ਕੇ ਬੜੇ ਹੀ ਸਾਦੇ ਤਰੀਕੇ ਨਾਲ ਮੈਰਿਜ ਪੈਲਸਾਂ ਦੀ ਚਕਾਚੌਂਦ ਤੋ ਦੂਰ ਪੰਜਾਬੀ ਮੁੰਡੇ ਚੂਹੜਚੱਕ ਵਾਸੀ ਲਖਵਿੰਦਰ ਸਿੰਘ ਕਲੇਰ ਪੁੱਤਰ ਨਛੱਤਰ ਸਿੰਘ ਅਤੇ ਹਰਜਿੰਦਰ ਕੌਰ ਨਾਲ ਗੁਰੂਘਰ ਵਿਚ ਲਾਂਵਾਂ ਲਈਆਂ। ਪਿੰਡ ਦੀ ਧੀ ਕੈਪਟਨ ਅਨਮੋਲ ਕੌਰ ਚੌਹਾਨ ਦੀਆਂ ਖ਼ੁਸ਼ੀਆਂ ਵਿਚ ਸ਼ਾਮਲ ਹੁੰਦੀਆਂ ਪਿੰਡ ਵਾਸੀਆਂ ਨੇ ਉਸ 'ਤੇ ਮਾਣ ਮਹਿਸੂਸ ਕੀਤਾ।

# ਤਿਹਾੜ ਜੇਲ੍ਹ 'ਚ ਅਰਵਿੰਦ ਕੇਜਰੀਵਾਲ ਨੂੰ ਮਿਲਣਗੇ CM ਮਾਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਲਦ ਹੀ ਤਿਹਾੜ ਜੇਲ 'ਚ ਬੰਦ ਆਪ ਸੁਪਰੀਮੋ ਤੇ ਦਿੱਲੀ ਦੇ ਸੀ.ਐੱਮ. ਅਰਵਿੰਦ ਕੇਜਰੀਵਾਲ ਨੂੰ ਮਿਲਣ ਜਾਣਗੇ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਤਿਹਾੜ ਜੇਲ 'ਚ ਬੰਦ ਅਰਵਿੰਦ ਕੇਜਰੀਵਾਲ ਨੂੰ ਮਿਲਣ ਲਈ ਸਮਾਂ ਮੰਗਣ ਲਈ ਪੱਤਰ ਲਿਖਿਆ ਹੈ। ਸੀ.ਐਮ. ਨੇ ਜੇਲ੍ਹ ਪ੍ਰਸ਼ਾਸਨ ਨੂੰ ਪੱਤਰ ਲਿਖ ਕੇ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਦੀ ਮੰਗ ਕੀਤੀ ਹੈ। ਇਸ ਲਈ ਪ੍ਰਵਾਨਗੀ ਮਿਲਣ ਤੋ ਤੁਰੰਤ ਬਾਅਦ ਛੈ ਮਾਨ ਜੇਲ 'ਚ ਬੰਦ ਕੇਜਰੀਵਾਲ ਨੂੰ ਮਿਲ ਸਕਦੇ ਹਨ। ਦੱਸ ਦੇਈਏ ਕਿ ਹਾਲ ਹੀ 'ਚ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਈਡੀ ਨੇ ਸ਼ਰਾਬ ਘੁਟਾਲੇ 'ਚ ਗ੍ਰਿਫਤਾਰ ਕਰ ਲਿਆ ਸੀ, ਜਿਸ ਤੋ ਬਾਅਦ ਅਦਾਲਤ ਨੇ ਕੇਜਰੀਵਾਲ ਨੂੰ ਤਿਹਾੜ ਜੇਲ 'ਚ ਹਿਰਾਸਤ 'ਚ ਰੱਖਣ ਦੇ ਨਿਰਦੇਸ਼ ਦਿੱਤੇ ਸਨ। ਤਿਹਾੜ ਜੇਲ 'ਚ ਬੰਦ ਅਰਵਿੰਦ ਕੇਜਰੀਵਾਲ ਦੀ ਸ਼ੂਗਰ ਲੈਵਲ ਘੱਟ ਹੋਣ ਕਾਰਨ ਤਬੀਅਤ ਵਿਗੜ ਗਈ ਸੀ ਅਤੇ ਉਨ੍ਹਾਂ ਦਾ ਭਾਰ ਵੀ ਸਾਢੇ ਚਾਰ ਘੱਟ ਗਿਆ ਹੈ।

# ਮਨੈਰਵੀਓ (ਬਰੇਸ਼ੀਆਂ) ਵਿਖੇ ਮਨਾਇਆ ਗਿਆ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ

* ਖੁਦ ਨੂੰ ਜਾਗਣਾ ਪੈਣਾ, ਜਾਗੋ ਕੱਢਣੇ ਦੀ ਲੋੜ ਨਹੀਂ*



ਰੋਮ (ਇਟਲੀ) (ਟੇਕ ਚੰਦ ਜਗਤਪੁਰ)- ਸ਼੍ਰੋਮਣੀ ਸੰਤ, ਮਹਾਨ ਕ੍ਰਾਤੀਕਾਰੀ, ਸਮੁੱਚੀ ਮਾਨਵਤਾ ਦੇ ਮਸੀਹਾ,ਧੰਨ -ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦਾ 647ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਵੀਓ (ਬਰੇਸ਼ੀਆਂ) ਵੱਲੋਂ ਵੀ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਇਟਲੀ ਭਰ ਚੋ ਸੰਗਤਾਂ ਨੇ ਵੱਧ ਚੜ ਕੇ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿਚ ਗੀਤਕਾਰ ਰੱਤੂ ਰੰਧਾਵੇ ਵਾਲਾ ਅਤੇ ਸ੍ਰੀ ਕੇਸ਼ਵ ਢੰਡਾ ਚੇਅਰਮੈਨ ਗਲੋਬਲ ਰਵਿਦਾਸੀਆਂ ਵੈਲਫੇਅਰ ਆਰਗੇਨਾਈਜੇਸ਼ਨ ਯੂਰਪ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਵਿਸ਼ਾਲ ਸਮਾਗਮ ਵਿਚ *ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਆਖੰਡ ਜਾਪ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਂਯੋਜਿਨ ਕੀਤਾ ਗਿਆ। ਇਸ ਸਮਾਗਮ ਨੂੰ ਪ੍ਰਧਾਨ ਅਮਰੀਕ ਲਾਲ ਦੋਲੀਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਉਚਾਰੀ ਗਈ ਬਾਣੀ ਅੱਜ ਵੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰੇ ਵਜ਼ੋ ਕੰਮ ਕਰਦੀ ਹੈ ਜੋ ਸਮਾਜ ਵਿਚ ਫੈਲੇ ਅੰਧ-ਵਿਸ਼ਵਾਸ਼, ਜਾਤ-ਪਾਤ,ਛੂਆ-ਛਾਤ ਦੇ ਹਨੇਰੇ ਚੋ ਕੱਢ ਕੇ ਬਰਾਬਰਤਾ,ਸਮਾਨਤਾ ਅਤੇ ਸੁਤੰਤਰਤਾ ਦਾ ਸੰਦੇਸ਼ ਦਿੰਦੀ ਹੈ।,ਉਪਰੰਤ ਉਚੇਚੇ ਤੌਰ ਤੇ ਪਹੁੰਚੇ ਗਾਇਕ ਸੋਡੀ ਮੱਲ ਨੇ ਆਪਣੀ ਬੁਲੰਦ ਅਵਾਜ ਵਿਚ * ਖੁਦ ਨੂੰ ਜਾਗਣਾ ਪੈਣਾ ਜਾਗੋ ਕੱਢਣੇ ਦੀ ਲੋੜ ਨਹੀਂ *ਨਾਲ ਸੁਰੂਆਤ ਕਰਕੇ* ਚਾਹੁੰਦਾ ਹਾਂ ਰਾਜ ਮੈਂ ਐਸਾ ਦਿੱਲੀ ਦਿਆ ਹਾਕਮਾਂ, ਸਮੇਤ ਅਨੇਕਾਂ ਸ਼ਬਦਾ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿੰਮਾ ਦਾ ਗੁਣਗਾਨ ਕੀਤਾ।ਪੰਮਾ ਲਧਾਣਾ ਨੇ ਕੱਲਾ-ਕੱਲਾ ਸਾਹ ਆਪਣਾ ਰਵਿਦਾਸੀਆ ਧਰਮ ਲੇਖੇ ਲਾਉਣਾ, ਵਿਜੇ ਸਫਰੀ, ਕੁਮਾਰ ਇਟਲੀ ਤੋਂ ਇਲਾਵਾ ਹੋਰ ਗਾਇਕਾਂ ਨੇ ਵੀ ਹਾਜਰੀ ਲਗਵਾਈ। ਸਰਬਜੀਤ ਵਿਰਕ ਚੇਅਰਮੈਨ ਡਾ ਅੰਬੇਡਕਰ ਵੈਲਫੇਅਰ ਐਸੋਸੀਏਸ਼ਨ ਇਟਲੀ ਵੱਲੋਂ ਆਈਆਂ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਅਹਿਮ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਤੇ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਬੁਲਾਰਿਆਂ ਨੇ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਤੇ ਚਾਨਣਾ ਪਾਇਆ।




MATRIMONIAL
GIRL WANTED
Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse.
Call/text +1 572 273 4588.



# ਭਾਜਪਾ 'ਚ ਜਾਂਦਿਆਂ ਹੀ ਬਿੱਟੂ ਨੇ ਕਿਹਾ ਮੋਦੀ ਖ਼ਿਲਾਫ਼ ਚੰਨੀ ਨੇ ਰਚੀ ਸੀ ਸਾਜ਼ਿਸ਼!



ਨਵੇਂ-ਨਵੇਂ ਭਾਜਪਾਈ ਬਣੇ ਬੇਅੰਤ ਸਿੰਘ ਦੇ ਪੋਤੇ ਰਵਨੀਤ ਬਿੱਟੂ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਵੱਡੇ ਇਲਜ਼ਾਮ ਲਾਏ ਹਨ। ਬਿੱਟੂ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਿਰੋਜ਼ਪੁਰ ਦਾ ਦੌਰਾ ਕਰਨਾ ਸੀ ਤਾਂ ਉਨ੍ਹਾਂ ਦੇ ਕਾਫਲੇ ਨੂੰ ਰੋਕਣ ਪਿੱਛੇ ਚਰਨਜੀਤ ਸਿੰਘ ਚੰਨੀ ਦੀ ਸ਼ਰਾਰਤ ਸੀ। ਉਨ੍ਹਾਂ ਨੇ 15-20 ਲੋਕ ਭੇਜ ਕੇ ਮੋਦੀ ਦੇ ਕਾਫ਼ਲੇ ਨੂੰ ਰੋਕਿਆ ਸੀ। ਬਿੱਟੂ ਨੇ ਕਿਹਾ ਕਿ ਖਰਾਬ ਮੌਸਮ ਕਾਰਨ ਮੋਦੀ ਪੰਜਾਬ 'ਚ ਨਵੇਂ ਪ੍ਰੋਜੈਕਟਾਂ ਦਾ ਐਲਾਨ ਕਰਨ ਲਈ ਹੈਲੀਕਾਪਟਰ ਤੋਂ ਰਵਾਨਾ ਹੋ ਕੇ ਸੜਕ ਰਾਹੀ ਫ਼ਿਰੋਜ਼ਪੁਰ ਪਹੁੰਚ ਰਹੇ ਸਨ।

ਬਿੱਟੂ ਨੇ ਕਿਹਾ ਕਿ ਉਸ ਦਿਨ ਪ੍ਰਧਾਨ ਮੰਤਰੀ ਨੇ ਵੀ ਪੰਜਾਬ ਨੂੰ ਸਬਸਿਡੀ ਦੇਣ ਦਾ ਐਲਾਨ ਕਰਨਾ ਸੀ ਕਿਉਂਕਿ ਇਹ ਸਰਹੱਦੀ ਸੂਬਾ ਹੈ। ਬਿੱਟੂ ਨੇ ਕਿਹਾ ਕਿ ਹੁਣ ਤੱਕ ਪੰਜਾਬ ਵਿੱਚ ਕਈ ਵੱਡੇ ਉਦਯੋਗ ਸਥਾਪਿਤ ਹੋ ਜਾਣੇ ਸਨ।

# ਰਾਜੀਵ ਗਾਂਧੀ ਹੱਤਿਆ ਕਾਂਡ ਦੇ ਤਿੰਨ ਦੋਸ਼ੀ ਸ੍ਰੀਲੰਕਾ ਪਰਤੇ

ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਹੱਤਿਆ ਕਾਂਡ ਦੇ ਤਿੰਨੇ ਦੋਸ਼ੀ ਅੱਜ ਸ੍ਰੀਲੰਕਾ ਪਰਤ ਗਏ। ਤਿੰਨੋ ਦੋਸ਼ੀ ਲੰਕਾ ਦੇ ਨਾਗਰਿਕ ਹਨ। ਮੁਰੂਗਨ ਉਰਫ ਸ੍ਰੀਹਰਨ, ਜੈਕੁਮਾਰ ਅਤੇ ਰਾਬਰਟ ਪੇਅਸ ਸ੍ਰੀਲੰਕਾ ਦੇ ਜਹਾਜ਼ ਰਾਹੀਂ ਆਪਣੇ ਦੇਸ਼ ਲਈ ਰਵਾਨਾ ਹੋਏ। ਨਵੰਬਰ 2022 ਵਿੱਚ ਸੁਪਰੀਮ ਕੋਰਟ ਨੇ ਇਸ ਕਤਲ ਕੇਸ ਵਿੱਚ ਸੱਤ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਸੀ, ਜਿਸ ਵਿੱਚ ਇਹ ਤਿੰਨ ਲੰਕਾ ਦੇ ਨਾਗਰਿਕ ਸਨ। ਦੋਸ਼ੀਆਂ ਦੀ ਰਿਹਾਈ ਤੋਂ ਬਾਅਦ ਉਨ੍ਹਾਂ ਨੂੰ ਤਿਰੂਚਿਰਾਪੱਲੀ ਦੇ ਵਿਸ਼ੇਸ਼ ਕੈਂਪ ਵਿੱਚ ਰੱਖਿਆ ਗਿਆ ਸੀ। ਉਹ ਬੀਤੀ ਰਾਤ ਇੱਥੇ ਪੁੱਜੇ ਅਤੇ ਅੱਜ ਕੋਲੰਬੋ ਲਈ ਰਵਾਨਾ ਹੋ ਗਏ।

# ਅੰਗੁਰਾਲ-ਰਿੰਕੂ ਦੇ BJP 'ਚ ਜਾਣ ਮਗਰੋਂ CM ਮਾਨ ਨੇ ਸੰਭਾਲਿਆ ਮੋਰਚਾ, ਵਿਧਾਇਕਾਂ ਨਾਲ ਕੀਤੀ ਮੁਲਾਕਾਤ



ਜਲੰਧਰ (ਪੰਜਾਬ ਸਟਾਰ) : ਜਲੰਧਰ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਅਤੇ ਸਾਬਕਾ ਸੰਸਦ ਮੈਂਬਰ ਅਤੇ ਐਲਾਨੇ ਗਏ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ 2024 ਦੀ ਕਮਾਨ ਸੰਭਾਲ ਲਈ ਹੈ। ਵਿਧਾਇਕਾਂ ਵਿਚਲੀ ਅਸੰਤੁਸ਼ਟੀ ਨੂੰ ਦੂਰ ਕਰਨ ਲਈ ਸੀ.ਐਮ ਭਗਵੰਤ ਮਾਨ ਨੇ ਹੁਣ ਲੋਕ ਸਭਾ ਹਲਕਿਆਂ ਦਾ ਦੌਰਾ ਕਰਕੇ ਵਿਧਾਇਕਾਂ ਨੂੰ ਮਿਲਣਾ ਸ਼ੁਰੂ ਕਰ ਦਿੱਤਾ ਹੈ, ਤਾਂ ਜੋ ਉਨ੍ਹਾਂ ਨੂੰ ਪਾਰਟੀਆਂ ਬਦਲਣ ਤੋਂ ਰੋਕਿਆ ਜਾ ਸਕੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ।

ਮੁੱਖ ਮੰਤਰੀ ਭਗਵੰਤ ਮਾਨ ਅੱਜ ਪਟਿਆਲਾ ਅਤੇ ਫਰੀਦਕੋਟ ਪਹੁੰਚੇ। ਜਿੱਥੇ ਉਨ੍ਹਾਂ ਇਕੱਠੇ ਬੈਠ ਕੇ ਵਿਧਾਇਕਾਂ ਨਾਲ ਗੱਲਬਾਤ ਕੀਤੀ। ਇੰਨਾ ਹੀ ਨਹੀਂ ਉਨ੍ਹਾਂ ਦੀਆਂ ਮੁਸ਼ਕਿਲਾਂ ਬਾਰੇ ਵੀ ਸੁਣਿਆ ਹੈ। ਵਿਧਾਇਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇੰਨਾ ਹੀ ਨਹੀਂ ਜ਼ਿਲ੍ਹੇ ਵਿੱਚ ਚੋਣ ਪ੍ਰਚਾਰ ਲਈ ਕਿਹੜੀ ਵਿਧੀ ਅਪਣਾਈ ਜਾਵੇਗੀ, ਇਸ ਬਾਰੇ ਵੀ ਵਿਚਾਰ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨਾਲ ਫਰੀਦਕੋਟ ਤੋਂ ਉਮੀਦਵਾਰ ਕਰਮਜੀਤ ਅਨਮੋਲ ਅਤੇ ਪਟਿਆਲਾ ਤੋਂ ਵਿਧਾਇਕ ਡਾ.ਬਲਬੀਰ ਸਿੰਘ ਵੀ ਹਾਜ਼ਰ ਸਨ। ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਸਨ।

ਲੋਕ ਸਭਾ ਚੋਣਾਂ 2024 ਲਈ ਪੰਜਾਬ ਦੀਆਂ 13 ਸੀਟਾਂ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਮੋਢਿਆਂ 'ਤੇ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਸਲਾਹ 'ਤੇ ਹੀ INDIA ਗਠਜੋੜ ਤੋਂ ਬਾਹਰ ਰਹਿ ਕੇ ਹਾਈਕਮਾਂਡ ਨੇ ਪੰਜਾਬ 'ਚ ਕਾਂਗਰਸ ਤੋਂ ਬਿਨਾਂ ਚੋਣ ਲੜਨ ਦਾ ਐਲਾਨ ਕੀਤਾ ਹੈ। ਪਰ ਚੋਣਾਂ ਤੋ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਉਮੀਦਵਾਰ ਅਤੇ ਵਿਧਾਇਕ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਹੋਰਨਾਂ ਵਿਧਾਇਕਾਂ ਵਿੱਚ ਵੀ ਅਸੰਤੋਸ਼ ਪੈਦਾ ਹੋ ਗਿਆ ਹੈ।

# ਪਟਿਆਲਾ ਦਾ ਨੌਜਵਾਨ ਯੂਕਰੇਨ ਦੀ ਜੰਗ 'ਚ ਲੜਨ ਲਈ ਮਜ਼ਬੂਰ

## ਪਰਨੀਤ ਕੌਰ ਨੇ ਵਿਦੇਸ਼ ਮੰਤਰੀ ਨੂੰ ਕੀਤੀ ਇਹ ਅਪੀਲ



ਸਾਬਕਾ ਵਿਦੇਸ਼ ਰਾਜ ਮੰਤਰੀ ਅਤੇ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਪਰਨੀਤ ਕੌਰ ਨੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਯੂਕਰੇਨ ਯੁੱਧ ਵਿੱਚ ਫਸੇ ਪਟਿਆਲਾ ਦੇ ਨੌਜਵਾਨ ਦੀ ਸੁਰੱਖਿਅਤ ਘਰ ਵਾਪਸੀ ਨੂੰ ਯਕੀਨੀ ਬਣਾਉਣ। ਮਦਦ ਲਈ ਅਪੀਲ ਕਰਦਿਆਂ ਪਰਨੀਤ ਕੌਰ ਨੇ ਕਿਹਾ ਕਿ ਮੇਰੇ ਪਟਿਆਲਾ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਡਕਾਲਾ ਦਾ ਗੁਰਪ੍ਰੀਤ ਸਿੰਘ ਪੁੱਤਰ ਨਾਇਬ ਸਿੰਘ ਜਨਵਰੀ ਵਿੱਚ ਟੂਰਿਸਟ ਵੀਜ਼ੇ 'ਤੇ ਰੂਸ ਗਿਆ ਸੀ ਅਤੇ ਰੂਸ ਵੱਲੋਂ ਫੜੇ ਗਏ ਸੱਤ ਭਾਰਤੀ ਨਾਗਰਿਕਾਂ ਵਿੱਚੋਂ ਇੱਕ ਹੈ। ਰੂਸੀ ਪੁਲਿਸ ਫੋਰਸ ਨੇ ਇਨ੍ਹਾਂ ਨੌਜਵਾਨਾਂ ਨੂੰ ਫੌਜੀ ਅਫਸਰਾਂ ਦੇ ਹਵਾਲੇ ਕਰ ਦਿੱਤਾ ਸੀ, ਜਿਨ੍ਹਾਂ ਨੇ ਜੰਗ ਦੇ ਦੌਰਾਨ ਯੂਕਰੇਨ ਦੇ ਵਿਰੁੱਧ ਲੜਨ ਲਈ ਉਨ੍ਹਾਂ ਨੂੰ ਜ਼ਬਰਦਸਤੀ ਮਜ਼ਬੂਰ ਕੀਤਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਗੁਰਪ੍ਰੀਤ ਦਾ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਪਿਛੋਕੜ ਨਾਲ ਸਬੰਧਤ ਹੈ ਅਤੇ ਉਹ ਇੱਕ ਰਸੋਈਏ ਜਾਂ ਡ੍ਰਾਈਵਰ ਵਜੋਂ ਨੌਕਰੀ ਦੀ ਉਮੀਦ ਵਿੱਚ ਰੂਸ ਗਿਆ ਸੀ। ਉਸ ਦਾ ਪਰਿਵਾਰ ਮੈਨੂੰ ਮਿਲਣ ਆਇਆ ਸੀ ਅਤੇ ਆਪਣੇ ਪੁੱਤਰ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਮਦਦ ਮੰਗ ਰਹੇ ਸੀ। ਹਾਲ ਹੀ ਵਿੱਚ ਇਨ੍ਹਾਂ ਸੱਤ ਲੜਕਿਆਂ ਦੀ ਇੱਕ ਵੀਡੀਓ ਵੀ ਵਾਇਰਲ ਹੋਈ ਹੈ ਜਿਸ ਵਿੱਚ ਉਹ ਵਾਪਸ ਭਾਰਤ ਲਿਆਂਦੇ ਜਾਣ ਦੀ ਅਪੀਲ ਕਰ ਰਹੇ ਹਨ।

ਪਟਿਆਲਾ ਦੇ ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਮੈਂ ਸਾਡੇ ਮਾਨਯੋਗ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਬੇਨਤੀ ਕਰਦੀ ਹਾਂ ਕਿ ਉਹ ਤੁਰੰਤ ਦਖਲ ਦੇਣ ਅਤੇ ਸਾਰੇ 7 ਮੁੰਡਿਆਂ ਦੀ ਸੁਰੱਖਿਅਤ ਘਰ ਵਾਪਸੀ ਨੂੰ ਯਕੀਨੀ ਬਣਾਉਣ ਲਈ ਰੂਸੀ ਅਧਿਕਾਰੀਆਂ ਕੋਲ ਇਹ ਮਾਮਲਾ ਉਠਾਉਣ। ਪਟਿਆਲਾ ਦੇ ਸੰਸਦ ਮੈਂਬਰ ਨੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਵੀ ਇਸ ਦੀ ਮੰਗ ਕੀਤੀ ਹੈ।

# 30 ਲੱਖ ਖਰਚਾ ਕੇ ਮੁਕਰੀ ਪੋਤ ਨੂੰਹ

## ਪੋਤੇ ਨੂੰ ਕੈਨੇਡਾ ਬੁਲਾਉਣ ਤੋਂ ਕੀਤਾ ਇਨਕਾਰ, ਸਦਮੇ 'ਚ ਦਾਦੇ ਨੇ ਦਿੱਤੀ ਜਾਨ



ਪੰਜਾਬ ਦੇ ਫਤਿਹਗੜ੍ਹ ਸਾਹਿਬ ਦੇ ਪਿੰਡ ਮੰਢੌਰ ਦੇ ਇੱਕ ਬਜ਼ੁਰਗ ਵੱਲੋ ਭਾਖੜਾ ਨਹਿਰ 'ਚ ਛਾਲ ਮਾਰ ਕੇ ਕਥਿਤ ਤੌਰ 'ਤੇ ਜਾਨ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਸੁੱਚਾ ਸਿੰਘ (72) ਵਜੋਂ ਹੋਈ ਹੈ। ਬਜ਼ੁਰਗ ਦੀ ਮੌਤ ਦੇ ਮਾਮਲੇ 'ਚ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਸਵੀਰ ਸਿੰਘ ਵੱਲੋਂ ਮ੍ਰਿਤਕ ਸੁੱਚਾ ਸਿੰਘ ਦੇ ਲੜਕੇ ਦਵਿੰਦਰ ਸਿੰਘ ਦੇ ਬਿਆਨਾਂ 'ਤੇ ਥਾਣਾ ਸਰਹਿੰਦ ਦੀ ਪੁਲਿਸ ਨੇ ਹਰਸਿਮਰਨ ਕੌਰ, ਕਰਮਜੀਤ ਕੌਰ, ਤਰਲੋਚਨ ਸਿੰਘ, ਗੁਰਪ੍ਰੀਤ ਸਿੰਘ, ਪਿਆਰਾ ਸਿੰਘ ਅਤੇ ਕੁਲਵਿੰਦਰ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੇ ਲੜਕੇ ਸੰਦੀਪ ਸਿੰਘ ਅਤੇ ਪੋਤੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਉਸਦੇ ਭਰਾ ਹਰਦੀਪ ਸਿੰਘ ਦੀ ਮੌਤ ਹੋ ਚੁੱਕੀ ਹੈ ਜਿਸ ਦੇ ਲੜਕੇ ਜਸ਼ਨਪ੍ਰੀਤ ਦਾ ਵਿਆਹ ਮਿਤੀ 14 ਜੁਲਾਈ 23 ਨੂੰ ਤਰਲੋਚਨ ਸਿੰਘ ਦੀ ਲੜਕੀ ਹਰਸਿਮਰਨ ਕੌਰ ਨਾਲ ਹੋਇਆ ਸੀ। ਰਿਸ਼ਤਾ ਪੱਕਾ ਕਰਨ ਸਮੇਂ ਲੜਕੀ ਵਾਲਿਆਂ ਨੇ ਕਿਹਾ ਸੀ ਕਿ ਉਨਾਂ ਦੀ ਲੜਕੀ ਹਰਸਿਮਰਨ ਕੌਰ IELTS ਪਾਸ ਹੈ ਤੇ ਜੇਕਰ ਜਸ਼ਨਪ੍ਰੀਤ ਦਾ ਪਰਿਵਾਰ ਹਰਸਿਮਰਨ ਕੌਰ ਨੂੰ ਕਨੇਡਾ ਭੇਜਣ ਦਾ ਖਰਚਾ ਕਰੇਗਾ ਤਾਂ ਉਨਾਂ ਦੀ ਲੜਕੀ ਜਸ਼ਨਪ੍ਰੀਤ ਸਿੰਘ ਨੂੰ ਕਨੇਡਾ ਲੈ ਜਾਵੇਗੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਜਸ਼ਨਪ੍ਰੀਤ ਦੀ ਮਾਤਾ ਪ੍ਰੇਮਜੀਤ ਕੌਰ ਨੇ 30 ਲੱਖ ਰੁਪਏ ਖਰਚ ਕੇ ਹਰਸਿਮਰਨ ਕੌਰ ਨੂੰ ਕਨੇਡਾ ਭੇਜ ਦਿੱਤਾ ਪਰ ਉੱਥੇ ਜਾ ਕੇ ਹਰਸਿਮਰਨ ਕੌਰ ਨੇ ਉਨ੍ਹਾਂ ਦੇ ਪਰਿਵਾਰ ਨਾਲ ਸੰਪਰਕ ਤੋੜ ਲਿਆ, ਜਦੋਂ ਉਸਦੇ ਪਰਿਵਾਰ ਨਾਲ ਸੰਪਰਕ ਕੀਤਾ ਗਿਆ ਤਾਂ ਉਨਾਂ ਕਿਹਾ ਕਿ ਸਾਡੀ ਲੜਕੀ ਤੁਹਾਡੇ ਮੁੰਡੇ ਨੂੰ ਕਨੇਡਾ ਨਹੀਂ ਲੈ ਕੇ ਜਾਵੇਗੀ ਤੇ ਨਾ ਹੀ ਅਸੀਂ ਤੁਹਾਡੇ ਪੈਸੇ ਵਾਪਸ ਕਰਨੇ ਹਨ ਜਿਸ ਨੂੰ ਸੁਣ ਕੇ ਉਸਦੇ ਬਜ਼ੁਰਗ ਪਿਤਾ ਸੁੱਚਾ ਸਿੰਘ ਪ੍ਰੇਸ਼ਾਨ ਰਹਿਣ ਲੱਗ ਪਏ। ਸੁੱਚਾ ਸਿੰਘ ਕਹਿੰਦੇ ਸਨ ਕਿ ਹਰਸਿਮਰਨ ਕੌਰ ਅਤੇ ਉਸਦੇ ਪਰਿਵਾਰ ਨੇ ਸਾਡੇ ਨਾਲ ਧੋਖਾ ਕੀਤਾ ਹੈ ਤੇ ਮੇਰੀ ਮੌਤ ਲਈ ਉਕਤ ਸਾਰੇ ਵਿਅਕਤੀ ਹੀ ਜ਼ਿੰਮੇਵਾਰ ਹੋਣਗੇ। ਬੀਤੀ 26 ਮਾਰਚ ਨੂੰ ਉਸਦੇ ਪਿਤਾ ਸੁੱਚਾ ਸਿੰਘ ਘਰੋਂ ਚਲੇ ਗਏ ਤੇ ਮੁੜ ਵਾਪਸ ਨਹੀਂ ਆਏ, ਜਿਨਾਂ ਦੀ ਲਾਸ਼ ਬੀਤੇ ਕੱਲ੍ਹ ਭਾਖੜਾ ਨਹਿਰ ਦੀ ਨਰਵਾਣਾ ਬ੍ਰਾਂਚ 'ਚ ਪਿੰਡ ਜੈਨਗਰ ਨੇੜਿਓਂ ਮਿਲੀ ਹੈ। ਪੁਲਿਸ ਨੇ ਅੱਜ ਦੁਪਹਿਰ ਕਰੀਬ 4 ਵਜੇ ਮਰਿਤਕ ਦਾ ਪੋਸਟਮਾਰਟਮ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿਖੇ ਕਰਵਾਉਣ ਉਪਰੰਤ ਡੈਡ ਬੋਡੀ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

# ਅਮਰੀਕਾ 'ਚ ਵੀ ਪ੍ਰਧਾਨ ਮੰਤਰੀ ਮੋਦੀ ਲਈ ਚੋਣ ਪ੍ਰਚਾਰ; ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਵੀ ਲਿਆ ਹਿੱਸਾ



ਓਵਰਸੀਜ਼ ਫਰੈਂਡਜ਼ ਆਫ਼ ਭਾਜਪਾ (ਓਐਫਬੀਜੇਪੀ-ਯੂਐਸਏ) ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤੀਜੇ ਕਾਰਜਕਾਲ ਲਈ ਅਪਣਾ ਸਮਰਥਨ ਜ਼ਾਹਰ ਕਰਨ ਲਈ ਦੇਸ਼ ਭਰ ਦੇ 20 ਵੱਖ-ਵੱਖ ਸ਼ਹਿਰਾਂ ਵਿਚ ਕਾਰ ਰੈਲੀਆਂ ਕੀਤੀਆਂ ਅਤੇ ਭਾਰਤ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਆਮ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਰਾਸ਼ਟਰੀ ਲੋਕਤੰਤਰੀ ਗੱਠਜੋੜ (ਐਨਡੀਏ) ਨੂੰ 400 ਤੋਂ ਵੱਧ ਸੀਟਾਂ ਹਾਸਲ ਕਰਕੇ ਭਾਰੀ ਬਹੁਮਤ ਦਿਵਾਉਣ।

ਉਨ੍ਹਾਂ ਕਿਹਾ, "ਭਾਰਤੀ-ਅਮਰੀਕੀ ਭਾਈਚਾਰਾ ਮੋਦੀ ਦੀ ਅਗਵਾਈ ਵਾਲੀ ਭਾਜਪਾ ਅਤੇ ਐਨਡੀਏ ਨੂੰ 400 ਤੋਂ ਵੱਧ ਸੀਟਾਂ ਜਿੱਤਦੇ ਵੇਖ ਕੇ ਬਹੁਤ ਉਤਸ਼ਾਹਿਤ ਹੈ।" ਉਨ੍ਹਾਂ ਕਿਹਾ ਕਿ ਭਾਰਤੀ-ਅਮਰੀਕੀ ਚਾਹੁੰਦੇ ਹਨ ਕਿ ਐਨਡੀਏ ਲੋਕ ਸਭਾ ਚੋਣਾਂ 'ਚ 'ਅਬ ਕੀ ਬਾਰ 400 ਪਾਰ' ਦੇ ਟੀਚੇ ਨੂੰ ਹਾਸਲ ਕਰੇ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਭਾਰਤੀ-ਅਮਰੀਕੀ ਪ੍ਰਵਾਸੀਆਂ ਵਿਚ ਅਜਿਹਾ ਉਤਸ਼ਾਹ ਕਦੇ ਨਹੀਂ ਦੇਖਿਆ। ਓਐਫਬੀਜੇਪੀ-ਯੂਐਸਏ ਦੇ ਰਾਸ਼ਟਰੀ ਜਨਰਲ ਸਕੱਤਰ ਵਾਸੂਦੇਵ ਪਟੇਲ ਨੇ ਕਿਹਾ, "ਭਾਈਚਾਰੇ ਨੇ ਪੂਰਬੀ ਤੱਟ ਤੋ ਪੱਛਮੀ ਤੱਟ ਅਤੇ ਉੱਤਰ ਤੋਂ ਦੱਖਣ ਤਕ ਲਗਭਗ 20 ਸ਼ਹਿਰਾਂ ਵਿਚ ਤਾਲਮੇਲ ਨਾਲ ਓਐਫਬੀਜੇਪੀ ਦੁਆਰਾ ਆਯੋਜਿਤ ਕਾਰ ਰੈਲੀਆਂ ਵਿਚ ਉਤਸ਼ਾਹ ਨਾਲ ਹਿੱਸਾ ਲਿਆ ਹੈ।"

ਅਮਰੀਕਾ ਦੀ ਰਾਜਧਾਨੀ ਅਤੇ ਇਸ ਦੇ ਆਸ ਪਾਸ ਦੇ ਇਲਾਕਿਆਂ 'ਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਮੋਦੀ ਦੇ ਸਮਰਥਨ 'ਚ ਕਾਰ ਰੈਲੀ ਵੀ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਜਿੱਤ ਨਾ ਸਿਰਫ ਭਾਰਤ ਬਲਕਿ ਵਿਸ਼ਵ ਵਿਚ ਸ਼ਾਂਤੀ ਅਤੇ ਸਥਿਰਤਾ ਲਿਆਉਣ ਲਈ ਸਮੇਂ ਦੀ ਲੋੜ ਹੈ।"

ਇਹ ਕਾਰ ਰੈਲੀ ਵਾਸ਼ਿੰਗਟਨ ਡੀਸੀ ਦੇ ਮੈਰੀਲੈਂਡ ਉਪਨਗਰ ਵਿਚ ਆਯੋਜਿਤ ਕੀਤੀ ਗਈ ਸੀ। ਭਾਗੀਦਾਰ ਪਹਿਲਾਂ ਗੁਰਦੁਆਰੇ ਗਏ ਅਤੇ ਫਿਰ ਰੈਲੀ ਵਾਲੀ ਥਾਂ 'ਤੇ ਆਏ। ਕਾਰਾਂ ਨੂੰ ਭਾਜਪਾ ਦੇ ਝੰਡਿਆਂ ਅਤੇ ਅਮਰੀਕੀ ਝੰਡਿਆਂ ਨਾਲ ਸਜਾਇਆ ਗਿਆ ਸੀ।

# ਆਸਟ੍ਰੇਲੀਆ 'ਚ ਦੋ ਸਾਲਾਂ ਬੱਚੀ ਨੂੰ ਡੁੱਬਣ ਤੋਂ ਬਚਾਉਣ ਦੀ ਕੋਸ਼ਿਸ਼ ਹੇਠ ਪਿਉ-ਪੁੱਤ ਦੀ ਹੋਈ ਮੌਤ



ਕੁਈਨਜ਼ਲੈਂਡ, ਆਸਟ੍ਰੇਲੀਆ: ਆਸਟ੍ਰੇਲੀਆ ਦੇ ਸੂਬੇ ਕੁਈਨਜ਼ਲੈਂਡ ਤੋਂ ਆਈ ਮੰਦਭਾਗੀ ਖ਼ਬਰ, ਆਪਣੀ ਦੋ ਸਾਲਾਂ ਬੱਚੀ ਅਤੇ ਪਤਨੀ ਨੂੰ ਹੋਟਲ ਦੇ ਸਵੀਮਿੰਗ ਪੂਲ ਚੋ ਬਾਹਰ ਕੱਢਣ ਅਤੇ ਡੁੱਬਣ ਤੋਂ ਬਚਾਉਣ ਦੀ ਕੋਸ਼ਿਸ਼ ਦੌਰਾਨ ਬੱਚੀ ਦੇ ਪਿਤਾ ਅਤੇ ਦਾਦੇ ਦੀ ਹੋਈ ਮੌਤ, ਮਰਨ ਵਾਲਿਆਂ ਦੀ ਪਛਾਣ ਧਰਮਵੀਰ ਸਿੰਘ (38) ਅਤੇ ਗੁਰਜਿੰਦਰ ਸਿੰਘ (65) ਵਜੋਂ ਹੋਈ ਹੈ, ਬੱਚੀ ਐਤਵਾਰ ਸ਼ਾਮੀ ਪੈਰ ਤਿਲਕਣ ਤੋਂ ਬਾਅਦ ਹੋਟਲ ਦੇ ਪੂਲ 'ਚ ਡਿੱਗ ਗਈ ਸੀ ਜਿਸਨੂੰ ਬਚਾਉਣ ਲਈ ਉਸਦੀ ਮਾਂ ਨੇ ਵੀ ਪੂਲ 'ਚ ਛਾਲ ਮਾਰ ਦਿੱਤੀ ਪਰ ਤੈਰਨਾ ਨਹੀਂ ਆਉਂਦਾ ਸੀ ਤੇ ਇੰਨਾ ਦੋਵਾਂ ਨੂੰ ਬਚਾਉਣ ਲਈ ਬੱਚੀ ਦੇ ਪਿਤਾ ਅਤੇ ਦਾਦੇ ਵੱਲੋਂ ਵੀ ਪੂਲ 'ਚ ਛਾਲ ਮਾਰ ਦਿੱਤੀ ਗਈ, ਇਸ ਘਟਨਾ 'ਚ ਮਾਂ ਅਤੇ ਬੱਚੇ ਨੂੰ ਸੁਰੱਖਿਅਤ ਕੱਢ ਲਿਆ ਗਿਆ ਸੀ ਪਰ ਬੱਚੀ ਦੇ ਪਿਤਾ ਅਤੇ ਦਾਦੇ ਨੂੰ ਬਚਾਇਆ ਨਹੀਂ ਜਾ ਸਕਿਆ। ਪਰਿਵਾਰ ਵਿਕਟੋਰੀਆ ਤੋਂ ਛੁੱਟੀਆਂ ਮਨਾਉਣ ਲਈ ਹੋਟਲ ਵਿੱਚ ਰੁਕਿਆ ਹੋਇਆ ਸੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
NUTRA SELECT AJWA DATE FRESH SEED POWDER
100% NATURAL PRODUCT
PRODUCT OF CANADA
Visit nutraselect.ca to learn the amazing health benefits of our fresh ajwa date seed powder

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੇਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੇਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.

Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation 416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
- Save Money ...with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਮੇਰੇ ਯਾਰ ਨੂੰ ਮੰਦਾ ਨਾ ਬੋਲੀਂ !

## ਬੁੱਧ ਚਿੰਤਨ



ਬੁੱਧ ਸਿੰਘ ਨੀਲੋਂ
94643-70823

ਮਨੁੱਖ ਨੇ ਚੇਤਨ ਹੋਣ ਦੀ ਵਜਾਏ, ਥੁੱਕ ਨਾਲ ਬੜੇ ਪਕਾਉਣ ਦਾ ਤਰੀਕਾ ਸਿੱਖਣ ਵਾਸਤੇ ਸਾਧਾਂ ਦੇ ਡੇਰਿਆਂ ਤੇ ਮੱਥੇ ਰਗੜਨੇ ਜਦੋਂ ਦੇ ਸ਼ੁਰੂ ਕੀਤੇ ਹਨ, ਉਸ ਦੇ ਅੰਦਰਲਾ ਮਨੁੱਖ ਖ਼ੁਦਕੁਸ਼ੀ ਕਰ ਗਿਆ। ਉਹ ਤੁਰਦੀ ਫਿਰਦੀ ਲਾਸ਼ ਬਣ ਕੇ ਰਹਿ ਗਿਆ। ਪਹਿਲਾਂ ਪਿੰਡਾਂ ਦੇ ਵਿੱਚ ਵੱਗ ਖੁੱਲਦਾ ਹੁੰਦਾ ਸੀ। ਉਸ ਵੱਗ ਦੇ ਵਿੱਚ ਇਕ ਝੋਟਾ ਤੇ ਸਾਨ੍ਹ ਵੀ ਹੁੰਦਾ ਸੀ। ਹੁਣ ਪਿੰਡਾਂ ਦੇ ਲੋਕਾਂ ਨੇ ਪਸ਼ੂ ਪਾਲਣ ਦਾ ਕੰਮ ਛੱਡ ਦਿੱਤਾ ਹੈ। ਝੋਟੇ ਤੇ ਸਾਨ੍ਹ ਹੁਣ ਸਾਧਾਂ ਦੇ ਡੇਰਿਆਂ ਵਿੱਚ ਚਲੇ ਗਏ। ਉਹਨਾਂ ਨੇ ਲੋਕਾਂ ਨੂੰ ਸਵਰਗ ਭੇਜਣ ਦਾ ਠੇਕਾ ਲੈ ਲਿਆ ਐ। ਇਹਨਾਂ ਡੇਰਿਆਂ ਦੇ ਵਿੱਚ ਕੀ ਹੁੰਦਾ ਹੈ ਨਾਵਲਕਾਰ ਬਲਦੇਵ ਸਿੰਘ ਨੇ ਨਾਵਲ * ਅੰਨਦਾਤਾ* ਦੇ ਵਿੱਚ ਵਰਨਣ ਕੀਤਾ। ਕਹਾਣੀਕਾਰ ਸੁਖਜੀਤ ਨੇ ਕਹਾਣੀ ਸੰਗ੍ਰਹਿ* ਮੈਂ ਇਨਜੁਆਏ ਕਰਦੀ,* ਤੇ ਆਪਣੀ ਸਵੈ ਜੀਵਨੀ ਦੇ ਵਿੱਚ ਡੇਰਾਵਾਦ ਸਬੰਧੀ ਲਿਖਿਆ ਹੈ। ਪਰ ਅਸੀਂ ਸਾਹਿਤ ਨਹੀਂ ਪੜ੍ਹਦੇ। ਹੋਰ ਅਸੀਂ ਸਭ ਕੁੱਝ ਕਰਦੇ ਹਾਂ। ਚੰਗੀਆਂ ਕਿਤਾਬਾਂ ਕਦੇ ਪੜ੍ਹਦੇ ਨਹੀਂ, ਕਿਤਾਬਾਂ ਖਰੀਦਣ ਦੀ ਪੰਜਾਬੀਆਂ ਨੂੰ ਆਦਤ ਨਹੀਂ। ਇਸੇ ਕਰਕੇ ਅਸੀਂ ਮਾਨਸਿਕ ਤੌਰ ਤੇ ਬੀਮਾਰ ਹੋ ਗਏ ਹਾਂ। ਜਦ ਕਿ ਇਹ ਸੱਚ ਹੈ ਧਰਤੀ ਦੇ ਉਪਰ ਜੋ ਵੀ ਜੀਵ ਜੰਤੂ, ਬਨਸਪਤੀ ਤੇ ਮਨੁੱਖ ਤੋਂ ਬਿਨਾਂ ਕੋਈ ਵੀ ਵਸਤੂ ਹੈ, ਸਭ ਦਾ ਅੰਤ ਨਿਸ਼ਚਿਤ ਹੈ । ਫੇਰ ਨਰਕ ਸਵਰਗ ਦਾ ਧੰਦਾ ਕਰਨ ਵਾਲਿਆਂ ਦੇ ਮਗਰ ਤੇ ਮੂਹਰੇ ਲੋਕ ਕਿਉਂ ਮੱਥੇ ਰਗੜ ਦੇ ਹਨ ? ਹਰ ਚੋਣਾਂ ਦੇ ਵਿੱਚ ਇਹ ਸਾਧ (ਸਾਨ੍ਹ) ਸੰਗਤਾਂ ਨੂੰ ਵੇਚਦੇ ਹਨ। ਸਿਆਸੀ ਪਾਰਟੀਆਂ ਸਾਧਾਂ ਨੂੰ ਤੇ ਸਾਧ ਸਰਕਾਰਾਂ ਬਣਾਉਣ ਵਾਲਿਆਂ ਨੂੰ ਖਰੀਦੇ ਵੇਚਦੇ ਹਨ। ਸੰਗਤਾਂ ਜੈਕਾਰੇ ਲਗਾਉਦੀਆਂ। ਪਿਛਲੇ ਸਮਿਆਂ ਦੇ ਵਿੱਚ ਇਕ ਸਾਧ ਦੀ ਚੇਲੀ ਦੀ ਆਡੀਓ ਵਾਇਰਲ ਹੋਈ ਸੀ ।

ਕੁਲਦੀਪ ਮਾਣਕ ਦੇ ਗੀਤ ਦੇ ਬੋਲ ਚੇਤੇ ਕਰਵਾਉਦੀ ਸੀ ;

* ਮੇਰੇ ਯਾਰ ਮੰਦਾ ਨਾ ਬੋਲੀ ਤੇ ਮੇਰੀ ਭਾਵੇਂ ਜਿੰਦ ਕੱਢ ਲੈ !**

ਚਿੱਟੇ, ਹਰੇ, ਨੀਲੇ, ਭਗਵੇਂ ਚੋਲਿਆਂ ਦੇ ਹੇਠਾਂ ਕਿਹੜਾ ਕੁਕਰਮ ਨਹੀਂ ਹੁੰਦਾ ? ਹੁਣ ਤਾਂ ਬਹੁਤ ਕੁੱਝ ਦਾ ਅੰਦਰਲਾ ਸੱਚ ਬਾਹਰ ਆ ਗਿਆ ਹੈ। ਪਰ ਬਹੁਗਿਣਤੀ ਲੋਕਾਂ ਦੀਆਂ ਭੀੜ ਇਹਨਾਂ ਵੱਲ ਵਹੀਰ ਘੱਤੀ ਜਾਂਦੀ ਹੈ । ਧਰਮ ਦਾ ਕਾਰੋਬਾਰ ਚੱਲਦਾ ਹੈ।

ਪਰ ਜਦੋਂ ਕਦੇ ਕੋਈ ਕੁਦਰਤੀ ਜਾਂ ਸਰਕਾਰੀ ਮਾਰ ਪੈਦੀ ਹੈ ਤਾਂ ਸਾਧ ਲਾਣਾ ਗਧੇ ਸਿੰਗਾਂ ਵਾਂਗੂੰ ਅਲੋਪ ਹੋ ਜਾਂਦਾ ਹੈ। ਸਵਰਗ ਦੀਆਂ ਟਿਕਟਾਂ ਵੰਡਣ ਵਾਲਾ ਸਾਧ ਲਾਣਾ ਕਿਧਰ ਗੁਆਚ ਗਿਆ ? ਟਰਾਲੀਆਂ ਭਰ ਭਰ ਜਾਣ ਵਾਲਿਆਂ ਨੂੰ ਜੇ ਹੁਣ ਵੀ ਅਕਲ ਨਾ ਆਈ ਫੇਰ ਕਦੇ ਵੀ ਨੀ ਆ ਸਕਦੀ। ਇਸ ਵਿਹਲੜ ਫੌਜ ਨੇ ਬਹੁਤ ਮੌਜਾਂ ਲੁੱਟੀਆਂ ਹਨ ਹੁਣ ਜਦੋਂ ਮੌਕਾ ਆਇਆ ਐ ਤਾਂ ਸਭ ਭੋਰਿਆਂ ਵਿੱਚ ਵੜ ਗਏ। ਦੇਸ਼ ਦੀ ਵੰਡ ਸਮੇਂ ਪੰਜ ਸਾਧ ਪੈਦਾ ਕੀਤੇ ਸਨ। ਪੰਜੇ ਅੰਗਰੇਜ਼ ਦੇ ਫੌਜੀ ਸਨ। ਜਿਹਨਾਂ ਨੇ ਲੋਕਾਂ ਦੇ ਹੱਥਾਂ ਵਿੱਚੋ ਹਥਿਆਰਾਂ ਨੂੰ ਛੁਡਾ ਕੇ ਇੱਕ ਸੌ ਅੱਠ ਮਣਕਿਆਂ ਵਾਲੀ ਮਾਲਾ ਫੜਾਕੇ ਅੰਗਰੇਜ਼ਾਂ ਦੇ ਵਿਰੁੱਧ ਸੰਘਰਸ਼ ਜਰਨ ਦੀ ਵਜਾਏ ਸਵਰਗ ਜਾਣ ਦੇ ਤੋਤਾ ਰਟਣ ਦੇ ਲੜ ਲਾਇਆ ਸੀ। ਇਹੋ ਜਿਹੇ ਡੇਰੇ ਹੁਣ ਹਰ ਪਿੰਡ ਵਿੱਚ ਹਨ। ਇਕ ਡੇਰੇ ਵਿੱਚ ਤਾਂ ਲੋਕ ਉਸ ਦੀਆਂ ਜੁੱਤੀਆਂ ਤੇ ਚੋਲਿਆਂ ਨੂੰ ਈ ਮੱਥਾ ਟੇਕਦੇ ਹਨ। ਸਵਰਗ ਦਾ ਨਜ਼ਾਰਾ ਲੈਂਦਾ ਇੰਝ ਸਾਧ ਤਾਂ ਚਾਲੀ ਸਾਲ ਪਹਿਲਾਂ ਦੇਹ ਮੁਕਤ ਹੋ ਗਿਆ। ਪਰ ਇਲਾਕੇ ਦੇ ਵਿੱਚ ਅੰਧ ਵਿਸ਼ਵਾਸ਼ ਦਾ ਬੂਟਾ ਲਾ ਗਿਆ। ਜਿਸ ਨੇ ਆਲੇ ਦੁਆਲੇ ਨੂੰ ਘੇਰ ਲਿਆ ਐ । ਹੁਣ ਸਾਧ ਲਾਣੇ ਦੇ ਘੇਰੇ ਵਿੱਚ ਪੰਜਾਬ ਐ। ਪੰਜਾਬ ਵਿੱਚ ਪਿੰਡ ਤੇਰਾਂ ਹਜ਼ਾਰ ਨੇ ਡੇਰੇ ਕਈ ਹਜ਼ਾਰ ਤੋ ਵੱਧ ਹਨ। ਹਰ ਪਿੰਡ ਡੇਰੇ ਹਨ । ਕਈ ਸਾਧਾਂ, ਸਿੱਖਿਆ ਤੇ ਹਸਪਤਾਲ ਵੀ ਖੋਲੇ ਹਨ, ਜਿੱਥੇ 'ਮੁਫਤ' ਸੇਵਾ ਹੁੰਦੀ ਐ ? ਸਾਧ ਦੋਵੇਂ ਹੱਥ ਮਾਨਸਿਕ ਤੌਰ ਤੇ ਬੀਮਾਰ ਲੋਕਾਂ ਨੂੰ ਲੁੱਟਦੇ ਹਨ।

ਸਾਧਣੀ ਦੇ ਡੇਰੇ ਦੁਪਹਿਰੇ ਕੁੱਤੀ ਭੌਕਦੀ । ਇਹਨਾਂ ਦਾ ਸਮਾਜ ਨਾਲ ਕੀ ਰਿਸ਼ਤਾ ਐ? ਸਮਝੋ ਬੀਬੀਓ, ਸਮਝੋ। ਚਿੱਟੇ ਰੰਗ ਦਾ ਜ਼ਿੰਦਗੀ ਦੇ ਨਾਲ ਬਹੁਤ ਗੂੜ੍ਹਾ ਰਿਸ਼ਤਾ ਹੈ ਪਰ ਇਹ ਰਿਸ਼ਤਾ ਸੁਹਜ ਤੇ ਸੁਹੱਪਣ ਦਾ ਹੈ ਪਰ ਇਹ ਭਲੇ ਸਮਿਆਂ ਦੀਆਂ ਕਹਾਣੀਆਂ ਹਨ।



ਪ ਰ ਜਦੋਂ ਅੰਗਰੇਜ਼ਾਂ ਨੇ ਦੇਸ਼ ਦੀ ਵਾਗਡੋਰ * ਕਾਲੇ ਅੰਗਰੇਜ਼ਾਂ * ਦੇ * ਪਾਵਰ ਆਫ ਟਰਾਂਸਫਰ * ਕੀਤੀ ਤਾਂ * ਸੁਣਿਆ ਕਿ ਜਿਹੜੀ 2046 ਨੂੰ ਖਤਮ ਹੋ ਜਾਣੀ ਹੈ । ਭਾਰਤੀ ਲੋਕ ਪਹਿਲਾਂ ਵਾਂਗੂੰ ਹੀ ਗੁਲਾਮ ਹਨ । ਦੇਸ ਨੂੰ ਆਜ਼ਾਦ ਕਰਨ ਦਾ ਨਾਟਕ ਹੋਇਆ ਸੀ ਤੇ ਈਸ ਨਾਟਕ ਦੇ ਵਿੱਚ ਨਹਿਰੂ, ਗਾਂਧੀ , ਪਟੇਲ ਤੇ ਜਨਾਹ ਵਰਗੇ ਖੱਟੀ ਖੱਟਗੇ। ਉਦੋਂ ਦਾ ਗਊ ਭਗਤਾਂ ਤੇ ਲੱਗੜ ਬੱਗਿਆਂ * ਨੇ ਬਚਿਆ ਮਾਸ ਛਕਣਾਂ ਅਰੰਭਿਆ ਤੇ ਕਾਵਾਂ ਨੇ ਰੌਲਾ ਪਾ ਦਿੱਤਾ * ਦੇਸ਼ ਆਜ਼ਾਦ * ਹੋ ਗਿਆ । ਪੰਜਾਬ ਨੂੰ ਧਰਮ ਦੇ ਆਰੇ ਨਾਲ ਦੋਫਾੜ ਕਰ ਦਿੱਤਾ । ਅੰਗਰੇਜ਼ਾਂ ਦੇ ਨਾਲ ਯੁੱਧ ਕਰਨ ਵਾਲਾ ਵੀ ਤੇ ਦੋਫਾੜ ਹੋਣ ਵਾਲਾ ਵੀ * ਪੰਜਾਬ ਸੀ *। ਫਿਰ 1966 ਵਿੱਚ ਦੋਫਾੜ ਦੇ ਦੋਫਾੜ ਹੋਰ ਕਰ ਦਿੱਤੇ! ਪਰ ਜਿਹੜਾ ਸਭ ਤੋਂ ਵੱਡਾ ਅਸਹਿ ਤੇ ਅਕਹਿ ਸੰਤਾਪ ਭੋਗਿਆ ਪੰਜਾਬੀਆਂ ਨੇ..। ਉਸ ਦਾ ਦਰਦ ਹੁਣ ਵੀ ਹੁੰਦਾ ਹੈ!

ਲੱਗੜ ਬੱਗਿਆਂ ਨੇ ਪੰਜਾਬ ਦੇ ਵਿੱਚ * ਚਿੱਟੀ ਸਿਉਂਕ, ਚਿੱਟੀ ਮੱਖੀ ਤੇ ਚਿੱਟਾ * ਖਲਾਰਿਆ। ਜੁਆਨੀ ਨੂੰ ਤਬਾਹ ਕਰ ਦਿੱਤਾ।

* ਚਿੱਟੀ ਮੱਖੀ *ਨੇ ਕਿਸਾਨ ਚੱਟਿਆ
ਤੇ ਚਿੱਟੇ ਨੇ ਜੁਆਨੀ ਨੂੰ ਡੰਗਿਆ।
* ਚਿੱਟੀ ਸਿਉਂਕ * ਨੇ ਹਰ ਬੰਦੇ ਦਾ ਦਿਮਾਗ ਚੱਟਿਆ!

ਸਾਧ ਲਾਣਾ ਧਰਮ ਦੀ ਬੰਦੂਕ ਫੜ ਕੇ ਸਾਡੇ ਮਨ ਦੇ ਅੰਦਰ * ਨਰਕ ਤੇ ਸਵਰਗ * ਦਾ ਬੀਜ ਬੀਜਿਆ ਜਿਹੜਾ *ਮਨੂੰਵਾਦੀਆਂ * ਨੇ ਦਿੱਤਾ ਸੀ। ਉਸ ਅੰਧਵਿਸਵਾਸ਼ ਦੇ ਉਗੇ ਬੂਟੇ ਨੂੰ *ਚਿੱਟੀ ਸਿਉਕ * ( ਸਾਧ ਸੰਤ ਤੇ ਡੇਰੇਦਾਰ) ਨੇ ਲੋਕਾਂ ਦੇ ਖੂਨ ਦੇ ਨਾਲ ਸਿੰਜਿਆ!

ਸਵਰਗ ਦੀਆਂ ਟਿਕਟਾਂ ਦੇਣ ਵਾਲੀ ਅੱਜ ਇਹ * ਚਿੱਟੀ ਸਿਉਂਕ * ਧਰਤੀ ਵਿੱਚ ਸਮਾਅ ਗਈ ਜਾਂ ਅਸਮਾਨ ਚੜ ਗਈ? ਕਿਧਰੇ ਨਜ਼ਰ ਨੀ ਆ ਰਹੀ! ਆਮ ਲੋਕਾਂ ਦੀ ਚੇਤਨਾ ਨੂੰ ਖੁੰਡਾ ਕਰਨ ਲਈ ਸਿੱਖਾਂ ਦੇ ਭੇਖ ਵਿੱਚ ਤੇ ਸਿੱਖੀ ਦੇ ਪ੍ਰਚਾਰ ਦੇ ਨਾਂ ਤੇ ਇਹਨਾਂ ਸਾਧਾਂ ਨੇ ਦੁਕਾਨਾਂ ਖੋਲ੍ਹੀਆਂ ਜੋ ਹੁਣ ਵੱਡੀਆਂ ਕੰਪਨੀਆਂ ਬਣ ਗਈਆਂ ਹਨ। ਇਸ ਚਿੱਟੀ ਸਿਉਂਕ ਨੂੰ ਪਾਲਣ ਪੋਸ਼ਣ ਦਾ ਕੰਮ ਬੀਬੀਆਂ ਨੇ ਕੀਤਾ ਤੇ ਆਪਣੇ ਬਲ 'ਤੇ ਘਰਦਿਆਂ ਨੂੰ ਨਾਲ਼ ਤੋਰਿਆ ! ਸਿੱਟਾ ਕੀ ਨਿਕਲਿਆ ? ਲੋਕਾਂ ਦੀ ਸੋਚ ਸਮਝ ਨੂੰ ਘੁਣ ਲੱਗ ਗਿਆ ਜੋ ਹੌਲੀ ਹੌਲੀ ਖਤਮ ਹੋਣ ਲੱਗੀ। ਲੋਕ ਮਾਨਸਿਕਤਾ ਪੱਖੋਂ ਊਣੇ ਹੋ ਗਏ। ਪੰਜਾਬ ਦੇ ਵਿੱਚ ਹਰ ਤੀਜੇ ਪਿੰਡ ਨਿੱਕੀਆਂ ਤੇ ਮੋਟੀਆਂ ਸਿਉਂਕ ਦੀਆਂ ਦੁਕਾਨਾਂ ਤੇ ਵੱਡੇ ਮਾਲਜ਼ ਹਨ।..ਜਿੱਥੇ ਧਰਮ ਦੇ ਨਾਂ ਹੇਠਾਂ ਵਪਾਰ ਹੁੰਦਾ ! ਦੇਹ ਦੇ ਵਪਾਰ ਤੋਂ ਸਵਰਗ ਤੱਕ ਭੇਜਣ ਦੀ ਬੁਕਿੰਗ ਕੀਤੀ ਜਾਂਦੀ ਹੈ! ਇਹਨਾਂ ਦੀ ਪਛਾਣ ਮੋਟੇ ਢਿੱਡ, ਚਿੱਟੇ ਬਸਤਰ ਤੇ ਨਾਲ ਬੰਦੂਕਾਂ ਵਾਲੇ...ਵਿਹਲੜ ਫੌਜਾਂ ਕਰਨ ਬੀਬੀਆਂ/ਬੀਬਿਆਂ ਦੇ ਸਿਰ ਮੌਜਾਂ..ਜ਼ਮੀਨ ਤੇ ਸੋਹਣੀਆਂ ਬੀਬੀਆਂ ਦੇ ਮਾਲਕ! ਸਵਰਗ ਦੇ ਟਿਕਟ ਕੁਲੈਕਟਰ !

ਵੱਡੇ ਚੋਲੇ, ਵੱਡੀ ਗੱਡੀ ਨਾਲ
ਬੈਠਾਉਦੇ ਸੋਹਣੀ ਨੱਢੀ.
ਜਿਹੜੀ ਹੁੰਦੀ ਘਰੋਂ ਕੱਢੀ !
ਕਿਰਤ ਵਿਹੂਣੀ ਖਾਵੇ ਖੀਰ,
ਨਾ ਕੋਈ ਗੁਰੂ ਤੇ ਨਾ ਹੀ ਪੀਰ..
ਬਚ ਕੇ ਰਹੋ ਮੇਰੇ ਵੀਰ!

ਪ੍ਰੋਫੈਸਰ ਪੂਰਨ ਸਿੰਘ ਦਾ ਕਹਿਣਾ ਕਿ' ਪੰਜਾਬ ਗੁਰਾਂ ਦੇ ਨਾਂ 'ਤੇ ਵਸਦਾ ਹੈ ' !

ਸੱਚ ਹੈ..ਕਿ ' ਚਿੱਟੀ ਸਿਉਂਕ * ਨੇ ਸ਼ਬਦ ਗੁਰੂ ਦੇ ਨਾਲੋਂ ਲੋਕਾਈ ਨੂੰ ਤੋੜਿਆ * ਦੇਹਧਾਰੀ * ਦੇ ਨਾਲ ਜੋੜਿਆ ! ਸਾਜਿਸ਼ ਅਧੀਨ ।

ਅੱਜ ਸਿੱਖਾਂ ਦਾ ਭਰੋਸਾ * ਦੇਹਧਾਰੀ.ਚਿੱਟੀ ਸਿਉਂਕ * ਤੇ ਹੈ ਤੇ ਗੁਰੂ ਗ੍ਰੰਥ ਸਾਹਿਬ 'ਤੇ ਨਹੀਂ !ਇਸ ਚਿੱਟੀ ਸਿਉਂਕ ਨੇ ਜਿੰਨਾ ਨੁਕਸਾਨ ਸਮਾਜ ਤੇ ਸਿੱਖੀ ਦਾ ਕੀਤਾ ਸ਼ਾਇਦ ਹੋਰ ਕਿਸੇ ਸਰਕਾਰ ਨੇ ਕੀਤਾ ਹੋਵੇ ? ਅਸੀਂ ਗੁਰੂ ਸਾਹਿਬਾਨ ਜੀ ਦੀਆਂ ਜਨਮ ਸ਼ਤਾਬਦੀ ਮਨਾਉਂਦੇ ਹਾਂ ! ਪਰ ਗੁਰੂ ਸ਼ਬਦ ਨਹੀਂ ਮੰਨਦੇ । ਉਹਨਾਂ ਸਾਨੂੰ *ਸ਼ਬਦ ਤੇ ਰਬਾਬ * ਦਿੱਤੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਹੱਕ ਤੇ ਸੱਚ ਦੀ ਜੰਗ ਲੜਨ ਲਈ ਕਿਰਪਾਨ ਦਿੱਤੀ! ਅਠਾਰਵੀ ਸਦੀ ਦੇ ਵਿੱਚ ਲਿਖੀਆਂ ਸਾਖੀਆਂ ਨੂੰ ਅਸੀਂ ਸੱਚ ਮੰਨਿਆਂ ਤੇ ਹੌਲੀ ਹੌਲੀ * ਸ਼ਬਦ ਗੁਰੂ * ਦੇ ਨਾਲੋ ਮਾਨਸਿਕ ਤੌਰ ਤੇ ਪਰੇ ਹੁੰਦੇ ਗਏ ਤੇ ਸਰੀਰਕ ਤੌਰ ਤੇ ਜੁੜਦੇ ਰਹੇ ਟੁੱਟਦੇ ਰਹੇ! ਪੰਜਾਬ ਹੀ ਨਹੀਂ ਬਦੇਸ਼ਾਂ ਦੇ ਵਿੱਚ ਇਹ ਚਿੱਟੀ ਸਿਉਂਕ ਪੁਜ ਗਈ ਹੈ ਜੋ ਸਿਰਫ ਦਿਮਾਗ ਹੀ ਚੱਟਦੀ ਹੈ ਤੇ ਹੋਰ ਕੀ ਕੀ ਚੱਟਦੇ ਤੇ ਪੱਟਦੇ ਹਨ ਹੁਣ ਕੋਈ ਓਹਲਾ ਤੇ ਪਰਦਾ ਨਹੀਂ !

ਆ ਜਿਹੜੇ ਪੰਜਾਬ ਦੇ ਵਿੱਚ *ਸਰਕਾਰੀ ਹੜ੍ਹ * ਆਏ ਸੀ,ਇਸ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਤੇ ਪਏ ਭਰਮ ਦੇ ਪਰਦੇ ਨੂੰ ਉਤਾਰਿਆ ਤੇ ਦੂਜਾ ਲੋਕਾਂ ਨੂੰ ਪਤਾ ਲੱਗਿਆ ਕਿ ਉਹਨਾਂ ਦਾ ਆਪਣਾ ਤੇ ਪਰਾਇਆ ਕੌਣ ਹੈ?

ਇਸ ਚਿੱਟੀ ਸਿਉਕ ਦੇ ਵਿੱਚ ਸਿਆਸਤਦਾਨ ਵੀ ਹਨ। ਸਾਧ ਲਾਣਾ ਤਾਂ ਹੈ ਹੀ! ਹੁਣ ਚੋਰ ਤੇ ਸਿਆਸੀ ਗੁੰਡੇ ਰਲ ਗਏ ਹਨ।

ਚਿੱਟੀ ਸਿਉਕ ਵਾਲਿਆਂ ਵਿੱਚੋ ਕੁੱਝ ਨੂੰ ਛੱਡਕੇ ਬਾਕੀ ਸਾਧ, ਮਹਾਂਪੁਰਖ ਤੇ ਸੰਤ..ਜੋ ਸਮਾਜ ਨੂੰ ਲੱਗੀ ਚਿੱਟੀ ਸਿਉਕ ਹਨ ਜਿਨ੍ਹਾਂ ਦਾ ਕੰਮ ਚਰਨਾ ਹੈ. ਦੇਹ ਤੇ ਮਾਇਆ ਨੂੰ। ਦੇਹ ਤੋ ਮਾਇਆ ਤੱਕ ਚਰਦੀ ਜ਼ਮੀਨ ਵੀ ਚਰ ਜਾਂਦੀ ਹੈ! ਇਸ ਚਿੱਟੀ ਸਿਉਕ ਤੋਂ ਬਚਣ ਲਈ ਗੁਰੂ ਜੀ ਨੇ ਬਾਣੀ ਰਚੀ ਹੈ ਪਰ ਅਸੀਂ ਬਾਣੀ ਨੂੰ ਨਹੀਂ ਬਾਣੇ ਨੂੰ ਮੰਨਦੇ..ਚਿੱਟੇ ਚੋਲਿਆਂ ਵਾਲੀ ਸਿਉਕ ਤੋਂ ਬਚਣ ਲਈ ਸ਼ਬਦ ਗੁਰੂ ਨਾਲ ਜੁੜੋ...ਸ਼ਬਦ ਦੇ ਜੀਵਨ ਦਾ ਫਲਸਫਾ ਹੈ..ਚਿੱਟੀ ਸਿਉਕ ਕੋਲ ਕੁੱਝ ਨਹੀ !

ਪੰਜਾਬ ਦੇ ਲੋਕ ਇਸ ਚਿੱਟੀ ਸਿਉਕ ਤੋਂ ਤਾਂ ਬਚ ਸਕਦੇ ਹਨ ਜੇ ਅਸੀਂ ਪਖੰਡ ਛੱਡਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਾਂਗੇ ਤੇ ਸ਼ਬਦ ਤੇ ਅਮਲ ਕਰਾਂਗੇ? ਪਰ ਚਿੱਟੀ ਸਿਉਕ ਨੇ ਸਾਡੇ ਵਿਰਾਸਤ ਤੇ ਵਿਰਸੇ ਨੂੰ ਖਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ!.. ਸਿੱਖੀ ਦੇ ਨਾਲ਼ ਜੁੜੀਆਂ ਸਾਰੀਆਂ ਹੀ ਇਤਿਹਾਸਕ ਥਾਂਵਾਂ ਖਤਮ ਕਰਕੇ ਚਿੱਟਾ ਮਾਰਬਲ ਲਾ ਦਿੱਤਾ ਹੈ। ਤਾਂ ਕਿ ਅਗਲੀਆਂ ਨਸਲਾਂ ਨੂੰ ਪਤਾ ਨਾ ਲੱਗੇ। ਹੁਣ ਸਾਧ ਲਾਣੇ ਕੋਲੋ ਬਚਿਆ ਕਿਵੇਂ ਜਾਵੇ ? ਕਾਰ ਸੇਵਾ ਵਾਲੇ ਬਾਬਿਆਂ ਨੇ ਸਾਡਾ ਸਾਰਾ ਪੁਰਾਤਨ ਇਤਿਹਾਸ ਖਤਮ ਕਰ ਦਿੱਤਾ ਹੈ। ਅਸੀਂ ਆਪਣੇ ਹੱਥੀ ਉਹਨਾਂ ਨੂੰ ਮਾਇਆ ਵੀ ਦਿੱਤੀ ਹੈ ਤੇ ਆਪਣੇ ਪੁਰਖਿਆਂ ਦੀਆਂ ਇਮਾਰਤਾਂ ਵੀ ਕਤਲ ਕਰਵਾਈਆਂ ਹਨ। ਅਸੀਂ ਮੂਰਖ ਬਣੇ ਰਹੇ ਨਾ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜਿਆ ਤੇ ਵਿਚਾਰਿਆ ਅਤੇ ਨਾ ਹੀ ਅਸੀਂ ਸਹਿਤ ਦੇ ਨਾਲ ਜੁੜ ਸਕੇ। ਅਸੀਂ ਸ਼ਬਦ ਨਾਲੋਂ ਟੁੱਟ ਗਏ ਦੁਨਿਆਵੀ ਝਮੇਲਿਆਂ ਵਿੱਚ ਫਸ ਗਏ ਜਿਸ ਨੇ ਸਾਨੂੰ ਮਾਨਸਿਕ ਤੌਰ ਤੇ ਸਰਮਾਏਦਾਰੀ ਦਾ ਗੁਲਾਮ ਲਾਮ ਬਣਾ ਦਿੱਤਾ ਹੈ। ਹੁਣ ਅਸੀਂ ਦੁਨਿਆਵੀ ਵਸਤੂਆਂ ਦੇ ਗੁਲਾਮ ਬਣ ਕੇ ਰਹਿ ਗਏ। ਇਹੋ ਵੱਡਾ ਦੁਖਾਂਤ ਹੈ ਕਿ ਐਨਾ ਜ਼ੁਲਮ ਹੋਣ ਦੇ ਬਾਵਜੂਦ ਅਸੀਂ ਅਜੇ ਤੱਕ ਜਾਗੇ ਨਹੀਂ। ਸਮੇਂ ਦਾ ਹਾਕਮ ਸਾਡੀਆਂ ਨਬਜ਼ਾਂ ਟੈਟ ਕਰਨ ਲਈ ਹਰ ਢੰਗ ਤਰੀਕਾ ਵਰਤ ਰਿਹਾ ਹੈ ਪਰ ਅਸੀਂ ਮੁਕਾਬਲਾ ਕਰਨ ਦੀ ਬਜਾਏ ਵਿਦੇਸ਼ਾਂ ਨੂੰ ਦੌੜ ਰਹੀਆਂ। ਅਸੀਂ ਆਪਣੇ ਪੁਰਖਿਆਂ ਦਾ ਇਤਿਹਾਸ ਵੀ ਕਲੰਕਤ ਕਰੀ ਜਾ ਰਹੇ ਹਾਂ। ਸਾਨੂੰ ਸ਼ਬਦ ਦੇ ਨਾਲ ਜੁੜਨਾ ਪਵੇਗਾ ਕਿਉਂਕਿ ਗੁਰੂ ਸਾਹਿਬਾਨ ਨੇ ਸਾਨੂੰ ਸ਼ਬਦ ਗੁਰੂ ਦੇ ਨਾਲ ਜੋੜਿਆ ਹੈ ਪਰ ਅਸੀਂ ਸ਼ਬਦ ਤੋਂ ਦੂਰ ਜਾ ਰਹੇ ਹਾਂ। ਹੁਣ ਸਾਨੂੰ ਪਿੰਡ ਪਿੰਡ ਲਾਇਬਰੇਰੀ ਦੀਆਂ ਸਥਾਪਿਤ ਕਰਨੀਆਂ ਪੈਣਗੀਆਂ ਤੇ ਆਪਣੇ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨਾ ਪਵੇਗਾ ਤਾਂ ਹੀ ਸਾਡੀ ਮਾਨਸਿਕਤਾ ਤਕੜੀ ਹੋਵੇਗੀ। ਹੁਣ ਘਰਾਂ ਤੇ ਪਿੰਡਾਂ ਦੇ ਵਿੱਚ ਲਾਇਬ੍ਰੇਰੀਆਂ ਬਣਾਓ। ਸਾਹਿਤ ਨੂੰ ਪੜ੍ਹੋ ਤੇ ਵਿਚਾਰ ਚਰਚਾ ਕਰੋ। ਸਾਹਿਤ ਦੇ ਨਾਲ ਜੁੜੋ ਤੇ ਸਾਧਾਂ ਦੇ ਡੇਰਿਆਂ ਵੱਲੋਂ ਮੁੜੋ। ਇਸ ਚਿੱਟੀ ਸਿਉਕ ਤੋਂ ਬਚਣ ਲਈ ਸਾਨੂੰ ਚੰਗੀਆਂ ਕਿਤਾਬਾਂ ਦੇ ਨਾਲ ਜੁੜਨਾ ਪਵੇਗਾ ਜੋ ਸਭ ਤੋਂ ਨੇੜੇ ਹਨ। ਚਿੱਟੀ ਸਿਉਕ ਉਹ ਡੇਰੇਦਾਰ ਹਨ ਜਾਂ ਸਿਆਸਤਦਾਨ ਇਹਨਾਂ ਤੋਂ ਬਚੋ! ਜੋ ਸੇਵਾ ਦੇ ਨਾਂ ਹੇਠ ਹਰ ਧੰਦਾ ਤੇ ਵਪਾਰ ਕਰਦੇ ਹਨ. !

ਆਪਣੇ ਆਪ ਨੂੰ ਸਸਤਾ ਨਾ ਵੇਚੋ...
ਨਰਕ ਸਵਰਗ ਸਭ ਧਰਤੀ ਉਤੇ ਹੈ..
ਜ਼ਿੰਦਗੀ ਅਣਖ ਤੇ ਜਿਉਣ ਲਈ ਹੈ
ਨਾ ਕਿ ਸਿਉਕ ਦੀ ਸੇਵਾ ਸੰਭਾਲ ਲਈ !
ਜਾਗੋ..ਸੰਭਲੋ... !

ਇਸ ਚਿੱਟੀ ਮੱਖੀ.ਚਿੱਟੀ ਸਿਉਕ ਤੇ ਚਿੱਟੇ ਸਿਆਸਤਦਾਨਾਂ ਤੋਂ ਬਚ ਹੁੰਦਾ, ਬਚ ਜਾਵੋ..
ਹੁਣ ਮਨ ਦੇ ਜਾਲੇ ਉਤਾਰਨ ਲਈ ਕਿਤਾਬਾਂ ਨੂੰ ਪੜ੍ਹੋ
..ਜੰਮਣਾ.. ਜਿਉਣਾ ਤੇ ਮਰਨਾ ਸਭ ਸੱਚ ਹੈ !
ਨਾ ਮਰਨ ਤੋਂ ਡਰੋ, ਮੌਤ ਅਟੱਲ ਹੈ..ਫੇਰ ਡਰ ਕਿਸਦਾ ਹੈ ?

...ਭਲਾ ਕੋਈ ਸਾਧ ਮੌਤ ਤੋਂ ਬਚਿਆ ਹੈ ?

ਇਹ ਚਿੱਟੀ ਸਿਉਕ ਜੋ ਸਵਰਗ..ਦੀਆਂ ਟਿਕਟਾਂ ਦੇਂਦੀ ਸੀ.....? ਹੁਣ ਚਿੱਟੀ ਸਿਉਕ ਨੇ ਭਗਵੇਂ ਬਸਤਰ ਪਾ ਲਵੇ ਹਨ!



CANADIAN TRUCK TRAINING CENTRE



ਹਰਪਾਲ ਸਿੰਘ ਮਾਨ

ਤਸੱਲੀਬਕਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਸਲੇਮਪੁਰੀ ਦੀ ਚੂੰਢੀ–

# ਸਮਰਪਿਤ ਭਾਈ ਨਿਰਮਲ ਸਿੰਘ ਜੀ ਖਾਲਸਾ ਨੂੰ

## *ਪਦਮਸ਼੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ*



–ਭਾਈ ਨਿਰਮਲ ਸਿੰਘ ਜੀ ਖਾਲਸਾ ਕੇਵਲ ਸਿੱਖ ਕੌਮ ਜਾਂ ਪੰਜਾਬ ਦਾ ਹੀ ਨਹੀਂ ਬਲਕਿ ਸਮੁੱਚੇ ਭਾਰਤ ਦਾ ਇਕ ਉਹ ਬਹੁਮੁੱਲਾ ਹੀਰਾ ਸਨ, ਜਿਨ੍ਹਾਂ ਨੇ ਆਪਣੀ ਮਾਖਿਓਂ ਮਿੱਠੀ ਅਵਾਜ਼ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਗੁਰੂ ਸਾਹਿਬਾਨ ਵਲੋਂ ਦਰਸਾਏ ਹੋਏ ਮਾਰਗ 'ਤੇ ਚੱਲਦਿਆਂ ਕੀਰਤਨ ਦੇ ਰੂਪ ਵਿਚ 'ਗੁਰਬਾਣੀ' ਨੂੰ ਸੰਸਾਰ ਦੇ ਕੋਨੇ ਕੋਨੇ ਵਿਚ ਪਹੁੰਚਾਉਣ ਲਈ ਬਾਖੂਬੀ ਸੇਵਾਵਾਂ ਨਿਭਾਈਆਂ।

ਭਾਈ ਨਿਰਮਲ ਸਿੰਘ ਜੀ ਖਾਲਸਾ ਦਾ ਜਨਮ 12 ਅਪ੍ਰੈਲ, 1952 ਨੂੰ ਪੰਜਾਬ ਦੇ ਜਿਲ੍ਹਾ ਫਿਰੋਜ਼ਪੁਰ ਅਧੀਨ ਪੈਂਦੇ ਪਿੰਡ ਜੰਡਵਾਲਾ ਭੀਮ ਸ਼ਾਹ ਵਿਖੇ ਇਕ ਦੱਬੇ ਕੁਚਲੇ ਸਮਾਜ ਵਿਚ ਹੋਇਆ। ਭਾਈ ਖਾਲਸਾ ਜੀ ਦੇ ਘਰ ਦੀ ਆਰਥਿਕ ਹਾਲਤ ਭਾਵੇਂ ਬਹੁਤ ਪਤਲੀ ਸੀ, ਪਰ ਉਨ੍ਹਾਂ ਨੇ ਜਿੰਦਗੀ ਵਿੱਚ ਕੁੱਝ ਬਣਨ ਲਈ ਠਾਣ ਲਈ ਸੀ। ਸਮਾਜਿਕ ਅਤੇ ਆਰਥਿਕ ਥੜ੍ਹਾਂ ਦੇ ਚੱਲਦਿਆਂ ਉਨ੍ਹਾਂ ਨੇ 1974-76 ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਗੁਰਮਤਿ ਸੰਗੀਤ ਵਿੱਚ ਡਿਪਲੋਮਾ ਕੀਤਾ, ਜਿਸ ਪਿੱਛੋਂ ਉਹ ਗੁਰਮਤਿ ਕਾਲਜ ਰਿਸ਼ੀਕੇਸ਼ ਵਿੱਚ 1977 ਵਿੱਚ ਸੰਗੀਤ ਅਧਿਆਪਕ ਰਹੇ ਅਤੇ 1978 ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸੰਤ ਬਾਬਾ ਫਤਹਿ ਸਿੰਘ, ਸੰਤ ਚੰਨਣ ਸਿੰਘ, ਬੁੱਢਾ ਜੌਹਰ, ਗੰਗਾ ਨਗਰ, ਰਾਜਸਥਾਨ ਵਿੱਚ ਬਤੌਰ ਸੰਗੀਤ ਅਧਿਆਪਕ ਸੇਵਾਵਾਂ ਨਿਭਾਉਂਦੇ ਰਹੇ। 1979 ਤੋ ਲੈ 2019 ਤੱਕ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਵਿਚ ਬਤੌਰ 'ਹਜ਼ੂਰੀ' ਰਾਗੀ ਵਜੋਂ ਸੇਵਾ ਨਿਭਾਉਂਦੇ ਰਹੇ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਬਤੌਰ ਹਜ਼ੂਰੀ ਰਾਗੀ ਸੇਵਾਵਾਂ ਨਿਭਾਉਂਦਿਆਂ ਉਨ੍ਹਾਂ ਨੇ ਆਪਣੇ ਸਮੇਂ ਵਿਚ ਜੋ ਦਰਦ ਹੰਢਾਇਆ ਉਹ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਕੁਸੈਲਾ ਤਜਰਬਾ ਰਿਹਾ, ਨੂੰ ਵਰਨਣ ਕਰਨਾ ਉਚਿਤ ਨਹੀਂ ਹੈ।

ਭਾਈ ਖਾਲਸਾ ਜੀ ਨੇ ਭਾਰਤ ਵਿਚ ਸਿੱਖ ਕੌਮ ਨਾਲ ਸਬੰਧਿਤ ਸਥਾਪਿਤ ਸਾਰੇ ਪੰਜ ਤਖ਼ਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਵਿਚ ਆਪਣੀ ਰਸਭਿੰਨੀ ਅਵਾਜ਼ ਵਿਚ ਕੀਰਤਨ ਦਾ ਉਚਾਰਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਸਾਹਿਬਾਨ ਦੇ ਮਾਰਗ 'ਤੇ ਚੱਲਦਿਆਂ ਉਨ੍ਹਾਂ ਨੂੰ ਸੰਸਾਰ ਭਰ ਵਿੱਚ ਉਹ ਪ੍ਰਸਿੱਧੀ ਮਿਲੀ, ਜੋ ਇਸ ਤੋ ਪਹਿਲਾਂ ਹੋਰ ਕਿਸੇ ਵੀ ਰਾਗੀ ਸਿੰਘ ਨੂੰ ਨਸੀਬ ਨਹੀਂ ਹੋਈ। ਉਨ੍ਹਾਂ ਦੀ ਅਵਾਜ਼ ਵਿਚ ਕੀਰਤਨ ਦਾ ਰਸ ਮਾਨਣ ਲਈ ਸੰਗਤਾਂ ਵਿਚ ਹਮੇਸ਼ਾ ਖਿੱਚ ਬਣੀ ਰਹਿੰਦੀ ਸੀ। ਇੱਕ ਦਿਨ ਵਿੱਚ ਉਨ੍ਹਾਂ ਦੇ ਕਈ ਕਈ ਪ੍ਰੋਗਰਾਮ ਹੁੰਦੇ ਸਨ। ਉਨ੍ਹਾਂ ਦਾ ਕੀਰਤਨ ਸੁਣਨ ਲਈ ਵੱਡੀ ਗਿਣਤੀ ਵਿਚ ਸੰਗਤਾਂ ਜੁੜਦੀਆਂ ਸਨ। ਉਨ੍ਹਾਂ ਨੇ ਕੇਵਲ ਭਾਰਤ ਵਿਚ ਹੀ ਨਹੀ ਬਲਕਿ ਸੰਸਾਰ ਦੇ ਵੱਖ ਵੱਖ 53 ਹੋਰ ਦੇਸ਼ਾਂ ਵਿੱਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਦਿਲਚਸਪ ਗੱਲ ਇਹ ਹੈ ਕਿ ਭਾਈ ਖਾਲਸਾ ਜੀ ਦੇ ਸੰਗੀਤ ਦੀ ਮੁਹਾਰਤ ਅੱਗੇ ਪਾਕਿਸਤਾਨ ਦੇ ਸੰਸਾਰ ਪ੍ਰਸਿੱਧ ਗ਼ਜ਼ਲ ਗਾਇਕ ਗੁਲਾਮ ਅਲੀ ਵੀ ਸਿਰ ਝੁਕਾਉਂਦੇ ਸਨ। ਉਹ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਸਾਰੇ 31 ਰਾਗਾਂ ਦਾ ਗਿਆਨ ਰੱਖਣ ਵਾਲੇ ਉੱਤਮ ਰਾਗੀਆਂ ਵਿੱਚੋ ਇੱਕ ਸਨ, ਜਾਣੀ ਕਿ ਉਹ ਸੰਗੀਤ ਦੇ 31 ਰਾਗਾਂ ਵਿੱਚ ਸੰਪੂਰਨ ਸਨ, ਜਿਨ੍ਹਾਂ ਨੇ ਲਗਭਗ 25 ਸਾਲ ਗੁਰਬਾਣੀ ਦਾ ਕੀਰਤਨ ਕੀਤਾ। ਭਾਈ ਸਾਹਿਬ ਜੀ ਦੀ ਸੰਗੀਤ ਵਿਚ ਮੁਹਾਰਤ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਵਲੋਂ 31 ਮਾਰਚ, 2009 ਨੂੰ ਭਾਰਤ ਦੇ ਬਹੁ-ਵੱਕਾਰੀ ਨਾਗਰਿਕ ਪੁਰਸਕਾਰ 'ਪਦਮਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ ਸੀ। ਭਾਈ ਸਾਹਿਬ ਜੀ ਨੂੰ 'ਪਦਮਸ਼੍ਰੀ ਪੁਰਸਕਾਰ' ਮਿਲਣ 'ਤੇ ਸਮੂਹ ਰਾਗੀ ਸਿੰਘਾਂ ਨੂੰ ਸਮੁੱਚੇ ਭਾਰਤ ਵਿੱਚ ਬਹੁਤ ਵੱਡਾ ਮਾਣ ਮਹਿਸੂਸ ਹੋਇਆ। ਭਾਈ ਸਾਹਿਬ ਜੀ ਨੂੰ ਉਸ ਸਮੇਂ ਦੇ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਵਲੋਂ ਦਿੱਲੀ ਸਥਿਤ ਰਾਸ਼ਟਰਪਤੀ ਭਵਨ ਵਿਚ ਸਨਮਾਨਿਤ ਕੀਤਾ ਗਿਆ।

ਪਰ ਬਹੁਤ ਹੀ ਅਫਸੋਸਜਨਕ ਘਟਨਾ ਉਸ ਸਮੇਂ ਵਾਪਰੀ ਜਦੋਂ ਸੰਸਾਰ ਵਿੱਚ ਫੈਲੇ ਨਾਮੁਰਾਦ ਵਾਇਰਸ ਕੋਵਿਡ-19 ਨੇ ਉਨ੍ਹਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਉਹ ਕੋਰੋਨਾ ਦੇ ਚੱਲਦਿਆਂ ਅੰਮ੍ਰਿਤਸਰ ਸਥਿਤ ਗੁਰੂ ਨਾਨਕ ਹਸਪਤਾਲ ਵਿਚ ਜੇਰੇ ਇਲਾਜ ਸਨ, ਜਿਥੇ ਇਸ ਵਾਇਰਸ ਦੀ ਮਾਰ ਨਾ ਝੱਲਦਿਆਂ ਉਨ੍ਹਾਂ ਦਾ 2 ਅਪ੍ਰੈਲ, 2020 ਨੂੰ ਦਿਹਾਂਤ ਹੋ ਗਿਆ। ਇਸ ਹਸਪਤਾਲ ਵਿਚ ਜੇਰੇ ਇਲਾਜ ਭਾਈ ਨਿਰਮਲ ਸਿੰਘ ਜੀ ਖਾਲਸਾ ਅਤੇ ਉਨ੍ਹਾਂ ਦੇ ਪਰਿਵਾਰ ਵੱਲੋ ਹਸਪਤਾਲ ਦੇ ਪ੍ਰਬੰਧਕਾਂ ਅਤੇ ਡਾਕਟਰਾਂ ਉਪਰ ਗੰਭੀਰ ਦੋਸ਼ ਲਗਾਏ ਗਏ ਸਨ ਕਿ ਭਾਈ ਸਾਹਿਬ ਜੀ ਦੇ ਇਲਾਜ ਦੌਰਾਨ ਡਾਕਟਰਾਂ ਵਲੋਂ ਕਥਿਤ ਤੌਰ 'ਤੇ ਅਣਗਹਿਲੀ ਵਰਤੀ ਗਈ।

ਭਾਈ ਸਾਹਿਬ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਅੰਤਿਮ ਸਸਕਾਰ ਨੂੰ ਲੈ ਜੋ ਮੰਦਭਾਗੀ ਘਟਨਾ ਵਾਪਰੀ ਸੀ, ਦੇ ਨਾਲ ਸਮੁੱਚੀ ਮਾਨਵਤਾ ਦਾ ਹਿਰਦਾ ਹੋਰ ਵਲੂੰਧਰਿਆ ਗਿਆ ਸੀ।

ਬਹੁਤ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ, ਅਜਾਦੀ ਦੀ ਪੌਣੀ ਸਦੀ ਬੀਤ ਜਾਣ ਦੇ ਬਾਵਜੂਦ ਵੀ ਦੇਸ਼ ਵਿਚੋਂ ਜਾਤੀ ਸਿਸਟਮ ਦਾ ਕੋਹੜ ਨਹੀਂ ਨਿਕਲਿਆ। ਸਿੱਖ ਧਰਮ ਜੋ ਜਾਤੀ ਸਿਸਟਮ ਨੂੰ ਤੋੜਦਿਆਂ ਸਮਾਜ ਵਿਚ ਮਾਨਵਤਾ ਨੂੰ ਬਹਾਲ ਕਰਨ ਲਈ ਹੋਂਦ ਵਿਚ ਆਇਆ ਸੀ, ਦੇ ਵਿੱਚ ਜਾਤ-ਪਾਤ ਦਾ ਕਾਇਮ ਰਹਿਣਾ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੋ ਬੇ-ਮੁੱਖ ਹੋਣਾ ਹੈ। ਭਾਈ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਵਿਚ ਬਤੌਰ ਹਜ਼ੂਰੀ ਰਾਗੀ ਸੇਵਾਵਾਂ ਨਿਭਾਉਂਦਿਆਂ ਜੋ ਜਾਤੀ ਸਿਸਟਮ ਦੀ ਮਾਰ ਝੱਲੀ, ਦੇ ਬਾਰੇ ਉਹ ਅਕਸਰ ਬਿਆਨ ਕਰਿਆ ਕਰਦੇ ਸਨ।

ਅੱਜ ਬਰਸੀ ਉਪਰ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਸਮਾਜ ਵਿਚ ਮਾਨਵਤਾ ਨੂੰ ਕਾਇਮ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰਧਾਰਾ ਨੂੰ ਅਸੀ ਆਪਣੀ ਜਿੰਦਗੀ ਵਿੱਚ ਮਾਰਗ ਦਰਸ਼ਕ ਬਣਾਈਏ! ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੂੰ ਭਾਈ ਸਾਹਿਬ ਜੀ ਦੇ ਸੰਘਰਸ਼ਮਈ ਜੀਵਨ ਤੋ ਸੇਧ ਲੈਂਦਿਆਂ ਆਪਣੇ ਬੱਚਿਆਂ ਨੂੰ ਬਾਬਿਆਂ /ਸਾਧਾਂ ਦੇ ਡੇਰਿਆਂ 'ਤੇ ਤੋਰਨ ਦੀ ਬਜਾਏ ਵਿੱਦਿਅਕ ਅਦਾਰਿਆਂ ਵਲ ਤੋਰਨਾ ਚਾਹੀਦਾ ਹੈ, ਕਿਉਕਿ ਬਾਬਿਆਂ ਦੇ ਡੇਰਿਆਂ 'ਤੇ ਜਾ ਕੇ ਲੱਤਾਂ ਪੈਰ ਘੁੱਟ ਕੇ ਤੇ ਜੂਠੇ ਭਾਂਡੇ ਮਾਂਜ ਕੇ ਉਨ੍ਹਾਂ ਦਾ ਭਵਿੱਖ ਉੱਜਲ ਨਹੀ ਬਣਨਾ, ਉੱਜਲ ਭਵਿੱਖ ਬਣਾਉਣ ਲਈ ਵਿੱਦਿਅਕ ਅਦਾਰਿਆਂ ਵਿੱਚ ਜਾ ਕੇ ਕਿਤਾਬਾਂ ਦਾ ਇਕ ਇਕ ਅੱਖਰ ਮਾਂਜਣ ਦੀ ਲੋੜ ਹੈ। ਜਿੰਦਗੀ ਵਿੱਚ ਕੁੱਝ ਬਣਨ ਲਈ ਬਾਬਿਆਂ ਕੋਲੋ ਨਹੀਂ ਅਧਿਆਪਕਾਂ ਤੋਂ ਸਿੱਖਿਆ ਗ੍ਰਹਿਣ ਕਰਨ ਦੀ ਲੋੜ ਹੈ।

–ਸੁਖਦੇਵ ਸਲੇਮਪੁਰੀ
09780620233

# ਕਲਯੁਗੀ ਮਾਂ ਨੇ ਕਬੂਲਿਆ ਆਪਣਾ ਗੁਨਾਹ, ਧਰਤੀ ਹੇਠ ਦੱਬ ਕੇ ਮਾਰਿਆ ਅਗਮਜੋਤ ਸਿੰਘ



ਮਾਨਸਾ ਬੱਸ ਅੱਡੇ 'ਚ 2 ਦਿਨ ਪਹਿਲਾਂ ਬੱਚੇ ਦੀ ਮਿਲੀ ਲਾਸ਼ ਦੀ ਗੁੱਥੀ ਮਾਨਸਾ ਪੁਲਿਸ ਨੇ ਸੁਲਝਾਅ ਲਈ ਹੈ। ਕਾਤਲ ਕੋਈ ਹੋਰ ਨਹੀਂ ਸਗੋਂ ਮਾਸੂਮ ਬੱਚੇ ਦੀ ਮਾਂ ਹੀ ਨਿਕਲੀ ਹੈ। ਕਲਯੁਗੀ ਮਾਂ ਨੇ ਹੀ ਆਪਣੇ ਜਿਗਰ ਦੇ ਟੋਟੇ ਦਾ ਕਤਲ ਕੀਤਾ ਹੈ। ਮਨਮੋਹਨ ਸਿੰਘ ਔਲਖ ਐਸ.ਪੀ. (ਡੀ) ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਸੰਦੀਪ ਕੌਰ ਪਤਨੀ ਹਰਪ੍ਰੀਤ ਸਿੰਘ ਵਾਸੀ ਬਿਲਾਸਪੁਰ (ਮੋਗਾ) ਨੇ ਆਪਣੇ ਭਤੀਜੇ ਦੀ ਸ਼ਨਾਖ਼ਤ ਅਗਮਜੋਤ ਸਿੰਘ (7) ਦੱਸਦਿਆਂ ਕਤਲ ਦੇ ਦੋਸ਼ ਆਪਣੀ ਭਰਜਾਈ ਵੀਰਪਾਲ ਕੌਰ ਪਤਨੀ ਹਰਦੀਪ ਸਿੰਘ ਵਾਸੀ ਤਲਵੰਡੀ ਸਾਬੋ 'ਤੇ ਲਗਾਏ।

ਮੁੱਢਲੀ ਜਾਂਚ 'ਚ ਖ਼ੁਲਾਸਾ ਹੋਇਆ ਕਿ ਮਾਂ ਹੀ ਆਪਣੇ ਬੱਚੇ ਦਾ ਕਤਲ ਕੀਤਾ ਹੈ। ਪੁੱਛਗਿੱਛ ਦੌਰਾਨ ਔਰਤ ਨੇ ਦੱਸਿਆ ਕਿ ਉਸ ਨੇ ਆਪਣੇ ਬੱਚੇ ਨੂੰ ਧਰਤੀ ਹੇਠ ਦਬਾ ਕੇ ਮਾਰ ਦਿੱਤਾ ਸੀ ਤੇ ਜਿਹੜੀ ਵੀ ਬੱਸ ਮਿਲੀ ਉਸ ਵਿਚ ਉਹ ਮਾਨਸਾ ਆ ਗਈ ਤੇ ਬੱਚੇ ਦੀ ਲਾਸ਼ ਨੂੰ ਉਥੇ ਛੱਡ ਕੇ ਫਰਾਰ ਹੋ ਗਈ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਥਿਤ ਦੋਸ਼ਣ ਦਾ ਪਤੀ 3 ਸਾਲ ਤੋਂ ਬਠਿੰਡਾ ਜੇਲ 'ਚ ਬੰਦ ਹੈ ਅਤੇ ਉਹ ਆਪਣੀ ਮਰਜ਼ੀ ਨਾਲ ਜ਼ਿੰਦਗੀ ਕਿਸੇ ਹੋਰ ਵਿਅਕਤੀ ਨਾਲ ਬਤੀਤ ਕਰਨਾ ਚਾਹੁੰਦੀ ਸੀ, ਜਿਸ ਨੇ ਇਸ ਘਿਨਾਉਣੀ ਘਟਨਾ ਨੂੰ ਅੰਜਾਮ ਦਿੱਤਾ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਦੋਸ਼ਣ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਰਿਮਾਂਡ ਹਾਸਲ ਕਰਕੇ ਗਹਿਰਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ।

# "ਨਿੱਜੀ ਸਫਾਈ"



ਤੁਸੀਂ ਸੋਚੋਗੇ ਕਿ ਇਹ ਕਿਹੋ ਜਿਹਾ ਟੌਪਿਕ ਹੈ, ਕੀ ਸੋਚ ਕੇ ਇਹ ਟੌਪਿਕ ਚੁਣਿਆ ਹੋਵੇਗਾ। ਤੁਹਾਡੇ ਮਨ ਵਿੱਚ ਵੀ ਇਹ ਸਵਾਲ ਹੋ ਸਕਦਾ ਹੈ ਜਰੂਰ ਆਵੇ..!!

ਅਸੀਂ ਜਿਸ ਸਮਾਜ ਵਿੱਚ ਰਹਿੰਦੇ ਹਾਂ, ਓਥੇ ਸਾਨੂੰ ਪੈਰ ਪੈਰ ਤੇ ਪਰਖਿਆ ਜਾਂਦਾ, ਸਾਨੂੰ ਸਾਡੀ ਦਿੱਖ ਅਤੇ ਪਹਿਰਾਵੇ ਤੋਂ ਜੱਜ ਕੀਤਾ ਜਾਂਦਾ। ਅਸੀਂ ਸਮਾਜ ਵਿੱਚ ਵਿਚਰਦੇ ਹਾਂ, ਵੱਖ ਵੱਖ ਲੋਕਾਂ ਨੂੰ ਮਿਲਦੇ ਹਾਂ। ਜਿੰਦਗੀ ਐਨੀ ਵਿਅਸਤ ਹੈ ਕਿ ਅਸੀਂ ਆਪਣਾ ਆਪ ਭੁੱਲ ਜਾਂਦੇ ਹਾਂ। ਜਿਸ ਵਿੱਚ ਨਿੱਜੀ ਸਫਾਈ ਇੱਕ ਬਹੁਤ ਹੀ ਵੱਡਾ ਮੁੱਦਾ ਹੈ। ਜਿਸ ਵਾਰੇ ਅਸੀਂ ਗੱਲ ਨਹੀਂ ਕਰਦੇ ਜਾਂ ਸਮਝਦੇ ਹਾਂ ਕਿ ਇਹ ਵੀ ਗੱਲ ਕੋਈ ਕਰਨ ਵਾਲ਼ੀ ਹੈ। ਅਸੀ ਆਪਣੀ ਨੁਮਾਇੰਦਗੀ ਆਪ ਕਰਦੇ ਹਾਂ, ਲੋਕਾਂ ਵਿੱਚ ਵਿਚਰਦੇ ਹਾਂ। ਬੱਸ ਟਰੇਨ ਵਿੱਚ ਸਫਰ ਕਰਦੇ ਹਾਂ, ਸਕੂਲਾਂ , ਕਾਲਜਾਂ ਜਾਂ ਵੱਖਰੇ ਵੱਖਰੇ ਅਦਾਰਿਆਂ ਵਿੱਚ ਕੰਮ ਕਰਨ ਜਾਂਦੇ ਹਾਂ। ਨਿੱਜੀ ਸਫਾਈ ਵੀ ਓਨੀ ਹੀ ਜਰੂਰੀ ਹੈ ਜਿੰਨੀ ਕੁ ਤੁਹਾਡੇ ਸਾਹਾਂ ਲਈ ਸਾਫ ਤੇ ਸ਼ੁੱਧ ਹਵਾ। ਜਿੰਨੀ ਕੁ ਤੁਹਾਡੇ ਲਈ ਰੋਟੀ ਖਾਣਾ ਜਾਂ ਪਾਣੀ ਪੀਣਾ।

ਤੁਸੀ ਅਕਸਰ ਇਹ ਨੋਟਿਸ ਕੀਤਾ ਹੋਣਾ, ਜਦੋਂ ਪਬਲਿਕ ਥਾਵਾਂ ਦੇ ਲੋਕ ਸਿਗਰਟ ਪੀਂਦੇ ਹਨ ਅਤੇ ਉਸ ਸਿਗਰਟ ਦਾ ਧੂੰਆਂ ਹੀ ਤੁਹਾਡਾ ਸਾਹ ਲੈਣਾ ਦੁਸ਼ਵਾਰ ਕਰ ਦਿੰਦਾ ਹੈ। ਉਵੇਂ ਹੀ ਤੁਹਾਡੇ ਪਸੀਨੇ ਦੀ ਬਦਬੂ ਜਾਂ ਦੁਰਗੰਧ ਲੋਕਾਂ ਦਾ ਸਾਹ ਲੈਣਾ ਵੀ ਮੁਹਾਲ ਕਰਦੀ ਹੈ। ਤੁਹਾਨੂੰ ਉਹ ਸਮੈਲ ਇਸ ਕਰਕੇ ਨਹੀਂ ਆਉਂਦੀ ਕਿਉਂ ਕਿ ਤੁਸੀਂ ਉਸ ਦੇ ਆਦੀ ਹੋ ਜਾਂਦੇ ਹੋ, ਤੁਹਾਨੂੰ ਇਸ ਕਰਕੇ ਪਤਾ ਨਹੀਂ ਲੱਗਦਾ ਕਿ ਤੁਹਾਡੇ ਕੋਲੋਂ ਬਦਬੂ ਆ ਰਹੀ ਹੈ।

ਜਿਵੇਂ ਬਾਹਰੋਂ ਤਾਜ਼ੀ ਹਵਾ ਵਿੱਚੋ ਕਿਸੇ ਦੇ ਜਾਂ ਆਪਣੇ ਹੀ ਬੰਦ ਘਰ ਵਿੱਚ ਜਾਓ ਤਾਂ ਇਕਦਮ ਹਵਾੜ੍ਹ ਜਿਹੀ ਆਉਂਦੀ ਹੈ, ਕਈ ਘਰਾਂ ਵਿੱਚ ਜਾਓ ਤੜਕੇ ਦੀ ਬਹੁਤ ਮੁਸ਼ਕ ਆਉਂਦੀ ਹੈ। ਜਦੋ ਥੋੜਾ ਸਮਾਂ ਤੁਸੀ ਬੈਠੇ ਰਹਿੰਦੇ ਹੋ ਹੌਲ਼ੀ ਹੌਲ਼ੀ ਉਸ ਬਦਬੂ ਦੇ ਆਦੀ ਹੋ ਜਾਂਦੇ ਹੋ। ਪਰ, ਉਹ ਬਦਬੂ ਓਥੇ ਹੀ ਹੁੰਦੀ ਹੈ, ਪਰ ਤੁਹਾਨੂੰ ਮਹਿਸੂਸ ਘੱਟ ਹੋਣ ਲੱਗ ਜਾਂਦੀ ਹੈ। ਪਰ ਜਦੋਂ ਤੁਸੀ ਘਰੋਂ ਬਾਹਰ ਜਾਂਦੇ ਹੋ ਉਹੀ ਸਮੈਲ ਜਾਂ ਬਦਬੂ ਤੁਹਾਡੇ ਕੱਪੜਿਆਂ ਵਿੱਚੋ ਆਉਂਦੀ ਹੈ।

ਏਦਾਂ ਹੀ ਤੁਹਾਨੂੰ ਪਤਾ ਨਹੀ ਲੱਗਦਾ ਕਿ ਤੁਹਾਡੇ ਕੋਲੋਂ ਬਦਬੂ ਆ ਰਹੀ ਕਿਉਂ ਕਿ ਤੁਸੀ ਉਸ ਦੇ ਏਨੇ ਆਦੀ ਹੋ ਜਾਂਦੇ ਹੋ। ਅੱਜ ਕੱਲ੍ਹ ਤਾਂ ਵਧੀਆ ਤੇ ਰਸਾਇਣ ਰਹਿਤ ਡਿਓਡਰੈਂਟ ਸਿਰਫ ਪੰਜ ਤੋਂ ਦਸ ਡਾਲਰ ਦਾ ਆ ਜਾਂਦਾ ਹੈ ਜੋ ਕਿ ਮਹੀਨਿਆਂ ਬੱਧੀ ਚੱਲਦਾ ਹੈ। ਕਿਸੇ ਦੇ ਵਧੀਆਂ ਪਰਫਿਊਮ ਪਾਇਆ ਹੋਵੇ ਤਾਂ ਰੂਹ ਖੁਸ਼ ਹੋ ਜਾਂਦੀ ਹੈ ਤੇ ਜੇਕਰ ਦੁਰਗੰਧ ਸੁੰਘਣੀ ਪੈ ਜਾਵੇ ਲੋਕ ਦਿਲ ਹੀ ਦਿਲ ਵਿੱਚ ਗਾਲ਼ਾਂ ਕੱਢਦੇ ਹਨ। ਕਿਉਂ ਕਿ ਉਹ ਮੂੰਹ ਤੇ ਤਾਂ ਕੁਝ ਕਹਿ ਨਹੀ ਸਕਦੇ ਕਿਉਂ ਕਿ ਤੁਹਾਨੂੰ ਗੁੱਸਾ ਲੱਗ ਸਕਦਾ ਹੈ ਤੇ ਤੁਸੀ ਇਹ ਵੀ ਕਹਿ ਸਕਦੇ ਹੋ ਕਿ ਨੱਨ ਆਫ ਯੂਅਰ ਬਿਜਨੈਸ"..

ਅਸੀਂ ਆਪਣੇ ਆਲ਼ੇ ਦੁਆਲ਼ੇ ਦੀ ਸਫਾਈ ਕਿਉਂ ਕਰਦੇ ਹਾਂ, ਤਾਂ ਕਿ ਜਗ੍ਹਾ ਦੇਖਣ ਨੂੰ ਸਾਫ ਸੁਥਰੀ ਲੱਗੇ। ਨਹੀਂ ਤਾਂ ਗੰਦਗੀ ਨਾ਼ਲ ਆਲੇ ਦੁਆਲ਼ੇ ਮੱਖੀਆਂ ਮੱਛਰ ਆਉਣਗੇ ਅਤੇ ਦੇਖਣ ਨੂੰ ਵੀ ਸੋਹਣਾ ਨਹੀਂ ਲੱਗੇਗਾ। ਤੁਹਾਡਾ ਅਕਸਰ ਜਾਂ ਕਦੇ ਨਾ ਕਦੇ ਐਲੇਵੇਟਰ ਵਿੱਚ ਕਿਸੇ ਇਹੋ ਜਿਹੇ ਇੱਕ ਇਨਸਾਨ ਨਾ਼ਲ ਟਾਕਰਾ ਜਰੂਰ ਹੋਇਆ ਹੋਵੇਗਾ ਜਿਸ ਨੇ ਡਿਓਡਰੈਂਟ ਨਹੀ ਪਾਇਆ ਹੋਵੇਗਾ ਤੇ ਤੁਹਾਡਾ ਉਸ ਐਲੇਵੇਟਰ ਵਿੱਚ ਸਾਹ ਲੈਣਾ ਮੁਸ਼ਕਿਲ ਹੋ ਗਿਆ ਹੋਵੇਗਾ, ਤੁਸੀ ਆਪਣੇ ਸਾਹ ਰੋਕ ਕੇ ਖੜੇ ਹੋਵੋਗੇ ਜਾਂ ਏਦਾਂ ਲੱਗੇਗਾ ਕਿ ਤੁਸੀ ਹੁਣੇ ਉਲਟੀ ਕਰ ਦਿਓਗੇ। ਕੰਮਾਂ ਦੀਆਂ ਜਗ੍ਹਾਵਾਂ ਤੇ ਜਾਂ ਖਾਸਕਰ ਬੱਸ ਵਿੱਚ ਜਰੂਰ ਹੀ ਵਾਹ ਪਿਆ ਹੋਵੇਗਾ ਦਿਲ ਵਿੱਚ ਗਾਲ਼ਾਂ ਵੀ ਕੱਢੀਆਂ ਹੋਣਗੀਆਂ ਪਰ ਹਿੰਮਤ ਨਹੀ ਪਈ ਹੋਵੇਗੀ ਕਿ ਉਸ ਇਨਸਾਨ ਨੂੰ ਦੱਸ ਸਕੋ ਕਿ ਤੇਰੇ ਕੋਲੋਂ ਪਸੀਨੇ ਦੀ ਦੁਰਗੰਧ ਆ ਰਹੀ ਹੈ।

ਜ਼ਿਆਦਾਤਰ ਲੋਕ ਸਵੇਰੇ ਨਹਾ ਧੋ ਕੇ ਤਿਆਰ ਬਰ ਤਿਆਰ ਹੋ ਕੇ ਸਜ ਸਵਰ ਕੇ ਘਰੋਂ ਤੁਰਦੇ ਹਨ। ਤੇ ਕਈ ਏਦਾਂ ਹੀ ਤੁਰ ਪੈਂਦੇ ਜਿਵੇਂ ਹੁਣੇ ਬਿਸਤਰੇ ਵਿੱਚੋ ਨਿਕਲ ਕੇ ਆਏ ਹੋਣ।

ਇਸਦਾ ਮਤਲਬ ਇਹ ਹਰਗਿਜ਼ ਨਹੀ ਕਿ ਤੁਸੀਂ ਮਹਿੰਗੇ ਮਹਿੰਗੇ ਬਰੈਂਡਡ ਕੱਪੜੇ ਪਾਉਣੇ ਹਨ ਤਾਂ ਹੀ ਤੁਹਾਡੀ ਟੌਹਰ ਬਣੇਗੀ। ਆਮ ਕੱਪੜੇ ਜੋ ਕਿ ਧੋਤੇ ਸਵਾਰੇ ਹੋਣ ਜਾਂ ਪ੍ਰੈਸ ਕਰ ਲਏ ਜਾਣ ਤਾਂ ਕਾਫੀ ਹੈ। ਤੁਸੀ ਆਪਣੇ ਆਪ ਨੂੰ ਇੱਕ ਸਲੀਕੇ ਨਾ਼ਲ ਪੇਸ਼ ਕਰਨ ਦੇ ਯੋਗ ਤਾਂ ਹੋਣੇ ਚਾਹੀਦੇ ਓ। ਟੌਹਰ ਕੱਢ ਕੇ ਘਰੋਂ ਤੁਰਦਿਆਂ ਡਿਓਡਰੈਂਟ ਜਾਂ ਪਰਫਿਊਮ ਵਰਤ ਸਕਦੇ ਹੋ। ਕਈ ਕੰਮਾਂ ਤੇ ਪਰਫਿਊਮ ਲਗਾਉਣਾ ਮਨ੍ਹਾ ਹੁੰਦਾ ਪਰ ਡਿਓਡਰੈਂਟ ਤਾਂ ਹਰ ਕੋਈ ਲਾ ਲੈਂਦਾ।

ਜਿਵੇਂ ਇੱਕ ਕਹਾਵਤ ਹੈ ਕਿ "ਕੌਮਨ ਸੈਂਸ ਇਜ਼ ਨੌਟ ਸੋ ਕੌਮਨ" ਓਦਾਂ ਹੀ "ਕੌਮਨ ਸੈਂਸ ਵੀ ਡਿਓਡਰੈਂਟ ਵਰਗੀ ਹੈ, ਜਿਸਨੂੰ ਬਹੁਤੇ ਲੋਕ ਨਹੀ ਵਰਤਦੇ। ਜਿਹਨਾਂ ਨੂੰ ਜਿਆਦਾ ਲੋੜ ਹੁੰਦੀ ਉਹ ਤਾਂ ਬਿਲਕੁਲ ਵੀ ਨਹੀ ਵਰਤਦੇ....!!

ਬਲਵੀਰ ਕੌਰ ਢਿੱਲੋਂ

# ਧਰਮ ਤੇ ਰਾਜਨੀਤੀ !



ਵਿਦਵਾਨ ਵੀ ਇਹੀ ਕੁਝ ਕਰਦੇ ਹਨ। ਉਹ ਧਰਮ ਗ੍ਰੰਥਾਂ ਦਾ ਸਹਾਰਾ ਲੈ ਕੇ ਸਾਡੀ ਸੋਚ ਨੂੰ ਜੰਦਰਾ ਮਾਰਨਾ ਚਾਹੁੰਦੇ ਹਨ।

ਉਨ੍ਹਾਂ ਅਨੁਸਾਰ ਦੁਨੀਆਂ ਵਿੱਚ ਜੋ ਕਿਹਾ ਜਾਣ ਵਾਲਾ ਸੀ, ਉਹ ਸਾਡੇ ਗ੍ਰੰਥਾਂ ਵਿੱਚ ਕਹਿ ਦਿੱਤਾ ਗਿਆ ਹੈ, ਹੁਣ ਕੁਝ ਹੋਰ ਕਹਿਣ ਨੂੰ ਬਾਕੀ ਨਹੀਂ ਹੈ, ਤੁਸੀਂ ਹੁਣ ਇਨ੍ਹਾਂ ਗ੍ਰੰਥਾਂ ਦੀ ਪੂਜਾ ਕਰੋ, ਪਾਠ ਕਰੋ, ਅਰਥ ਕਰੋ। ਜੋ ਸੋਚਿਆ ਜਾਣ ਵਾਲਾ ਸੀ, ਉਹ ਸਾਡੇ ਗੁਰੂਆਂ, ਪੈਗ਼ੰਬਰਾਂ ਨੇ ਹਜ਼ਾਰਾਂ ਸਾਲ ਪਹਿਲਾਂ ਸੋਚ ਲਿਆ ਸੀ। ਸਾਨੂੰ ਹੁਣ ਕੁਝ ਸੋਚਣ ਦੀ ਲੋੜ ਨਹੀਂ।

ਸਾਡਾ ਕੰਮ ਅੱਖਾਂ ਮੀਟ ਕੇ, ਸਿਰ ਸੁੱਟ ਕੇ ਮੰਨਣਾ ਹੀ ਹੈ। ਉਨ੍ਹਾਂ ਅਨੁਸਾਰ ਬ੍ਰਹਿਮੰਡ ਵਿੱਚ ਜੋ ਖੋਜਣ ਵਾਲਾ ਸੀ, ਖੋਜ ਲਿਆ ਗਿਆ ਹੈ, ਉਹ ਸਾਡੇ ਗ੍ਰੰਥਾਂ ਵਿੱਚ ਸਭ ਦਰਜ ਹੈ, ਹੁਣ ਕੁਝ ਹੋਰ ਖੋਜਣ ਲਈ ਬਚਿਆ ਨਹੀਂ ਹੈ।

ਸਾਡੀਆਂ ਸਾਰੀਆਂ ਹੁਣ ਤੱਕ ਦੀਆਂ ਤੇ ਭਵਿੱਖ ਵਿੱਚ ਪੈਦਾ ਹੋਣ ਵਾਲੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਸਾਡੇ ਗ੍ਰੰਥ ਵਿੱਚ ਦਰਜ ਹਨ। ਤੁਹਾਨੂੰ ਆਪਣਾ ਸਿਰ ਵਰਤਣ ਦੀ ਲੋੜ ਨਹੀਂ ਹੈ। ਇਸੇ ਕਰਕੇ ਬਹੁਤੇ ਧਾਰਮਿਕ ਸ਼ਰਧਾਲੂ ਅੰਧ ਵਿਸ਼ਵਾਸੀ ਤੇ ਕਰਮਕਾਂਡੀ ਹੁੰਦੇ ਹਨ।

ਇਹੀ ਕਾਰਨ ਹੈ ਕਿ ਧਰਮ ਪ੍ਰਧਾਨ ਦੇਸ਼ਾਂ ਜਾਂ ਸਮਾਜਾਂ ਵਿੱਚ ਸਾਇੰਸਦਾਨ ਪੈਦਾ ਨਹੀਂ ਹੁੰਦੇ? ਸਿਰਫ ਪਾਖੰਡੀ ਸਾਧ ਪੈਦਾ ਹੁੰਦੇ ਹਨ। ਸਾਨੂੰ ਕੰਟਰੋਲ ਕਰਕੇ ਵਰਤਣ ਵਾਲ਼ੇ ਧਾਰਮਿਕ ਤੇ ਰਾਜਸੀ ਲੀਡਰਾਂ ਤੋਂ ਸੁਚੇਤ ਹੋਣ ਦੀ ਲੋੜ ਹੈ?

ਦੂਜਿਆਂ ਨੂੰ ਬਦਲਣ ਦਾ ਨਾਮ ਰਾਜਨੀਤੀ ਹੈ ਤੇ ਆਪਣੇ ਆਪ ਨੂੰ ਬਦਲਣ ਦਾ ਨਾਮ ਧਰਮ ਹੈ। ਆਪਣੇ ਆਪ ਤੇ ਕੰਟਰੋਲ ਧਰਮ ਹੈ ਤੇ ਦੂਜਿਆਂ ਨੂੰ ਕੰਟਰੋਲ ਕਰਨ ਰਾਜਨੀਤੀ ਹੈ।

ਪਰ ਜੇ ਧਰਮ ਵੀ ਦੂਜਿਆਂ ਨੂੰ ਬਦਲਨਾ ਸਿਖਾਉਂਦਾ ਹੈ ਤਾਂ ਉਹ ਵੀ ਰਾਜਨੀਤੀ ਹੈ। ਅੱਜ ਰਾਜਸੀ ਲੀਡਰਾਂ ਤੇ ਧਾਰਮਿਕ ਪ੍ਰਚਾਰਕਾਂ ਵਿੱਚ ਬਹੁਤਾ ਫਰਕ ਨਹੀਂ ਰਿਹਾ। ਦੋਨੋ ਸਾਡੀ ਸੋਚ ਨੂੰ, ਸਾਡੇ ਵਿਅਕਤੀਤਵ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਧਾਰਮਿਕ ਲੋਕ ਮਰਿਆਦਾਵਾਂ ਨਾ਼ਲ ਸਾਡਾ ਦਿਮਾਗ ਕੰਟਰੋਲ ਕਰਦੇ ਹਨ ਤੇ ਰਾਜਸੀ ਲੋਕ ਸਰਕਾਰੀ ਤਾਕਤ ਨਾ਼ਲ ਕੰਟਰੋਲ ਕਰਦੇ ਹਨ।

ਦੋਨੋ ਸਾਨੂੰ ਆਪਣੇ ਢੰਗ ਨਾਲ ਬਦਲਣਾ ਚਾਹੁੰਦੇ ਹਨ ਤਾਂ ਕਿ ਸਾਡਾ ਬਰੇਨਬਾਸ਼ ਕਰਕੇ, ਸਾਨੂੰ ਆਪਣੇ ਹਿੱਤਾਂ ਲਈ ਵਰਤ ਸਕਣ। ਸਾਨੂੰ ਆਪਣੀ ਮਰਜ਼ੀ ਨਾਲ ਚਲਾ ਸਕਣ।

ਸਿਆਸੀ ਲੋਕ ਤਾਕਤ ਲੈਣ ਲਈ ਜਾਂ ਆਪਣੀ ਤਾਕਤ ਵਧਾਉਣ ਲਈ ਸਾਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ। ਧਾਰਮਿਕ ਫਿਰਕਿਸ਼ਾਂ ਦੇ ਪ੍ਰਚਾਰਕ ਤੇ

ਹਰਚਰਨ ਸਿੰਘ



## ਅਰਜੋਈ

ਅਸੀਂ ਕੀ ਕਰਨ ਆਏ
ਸੀ ਇਸ ਜੱਗ ਉੱਤੇ
ਅਸੀ ਕੀ ਕੁਝ ਕਰਕੇ
ਜੱਗ ਤੋਂ ਜਾਣ ਲੱਗੇ।

ਚੰਗੇ ਕਰਮਾਂ ਲਈ
ਪਾਲਨਾ ਕਰਨ ਆਏ
ਅਸੀ ਲਿਖੇ ਕਰਮਾਂ ਨੂੰ
ਆਪੇ ਜਲਾਣ ਲੱਗੇ।

ਰਿਸ਼ਤੇ ਨਾਤੇ ਲੈਕੇ ਆਏ
ਸੀ ਸਾਂਝਾ ਪਾਲਣ ਦੇ
ਪਰ ਆਪਣੇ ਹਉਮੈ ਦੇ
ਵਿੱਚ ਨਿਭਾਉਣ ਲੱਗੇ

ਪ੍ਰਣ ਕਰਕੇ ਆਏ ਸੀ
ਦਾਤੇ ਦੀ ਬੰਦਗੀ ਲਈ
ਅਸੀ ਝੂਠੀਆਂ ਖੇਡਾਂ ਹੀ
ਆਕੇ ਖਿਡਾਉਣ ਲੱਗੇ

ਮੰਨ ਕੇ ਆਏ ਸੀ ਜਿੰਦਗੀ
ਚਾਰ ਦਿਨਾਂ ਦਾ ਮੇਲਾ
ਅਸੀ ਸਦੀਆਂ ਦੇ ਮਨਸੂਬੇ
ਹੀ ਬਣਾਉਣ ਲੱਗੇ

ਸੱਚੇ ਰੱਬ ਨੂੰ ਵੀ ਭੁੱਲ
ਗਏ ਜਨਮ ਲੈਕੇ
ਅੱਜ ਅਸੀ ਘਰ ਘਰ ਵਿੱਚ
ਆਪੇ ਰੱਬ ਬਣੌਨ ਲੱਗੇ

ਅਸੀ ਪੱਕੇ ਬੇਸ਼ਰਮ ਬੇਗੈਰਤੀ
ਦੁਰਾਚਾਰੀ ਮੱਤਹੀਣੇ
ਅਸੀ ਮਾਵਾਂ ਧੀਆਂ ਭੈਣਾਂ
ਨੂੰ ਆਪੇ ਖਾਣ ਲੱਗੇ

ਜਿਸੁ ਸਥਾਨ ਤੇ ਭੇਜਿਆ ਸੀ ਮਾਲਿਕ ਨੇ ਜਨਮ ਵੇਲੇ
ਅਸੀ ਉਸੇ ਜਮੀਨ ਨਾਲ ਹੀ
ਦਗੇ ਕਮਾਉਣ ਲੱਗੇ

ਰੱਬਾ ਮੱਤ ਬਖਸ਼ ਭੁੱਲੀ
ਭਟਕੀ ਹੋਈ ਲੋਕਾਈ ਨੂੰ
ਅੱਜ ਸਮਝਾਂ ਵਾਲੇ ਹੀ ਕਿਉਂ ਸਮਾਜ ਨੂੰ ਖਾਣ ਲੱਗੇ।

ਤਪੀਆ

## ਕਿਸ਼ਤ – 49
# ਮੈਂ ਤੰਦਰੁਸਤ ਕਿਵੇਂ ਹੋਇਆ?



ਪਹਿਲਵਾਨਾਂ ਦਾ ਸਰੀਰ ਦੇਖੋ, ਅਖਾੜੇ ਵਿਚ ਕਸਰਤ ਕਰਨ ਤੋਂ ਪਹਿਲਾਂ ਘੰਟਿਆਂ ਬੱਧੀ ਸਰੀਰ ਦੀ ਤੇਲ ਮਾਲਿਸ਼ ਕਰਦੇ ਹਨ, ਤੇ ਕਰਦੇ ਵੀ ਨੇਮ ਨਾਲ ਹਨ । ਉਹ ਆਪਣੇ ਇਕੱਲੇ ਇਕੱਲੇ ਅੰਗ ਨੂੰ ਨਿਹਾਰਦੇ ਹਨ , ਅਖਾੜੇ ਚ ਥਾਪੀਆਂ ਮਾਰਦੇ ਹਨ, ਬੈਠਕਾਂ, ਡੰਡ ਤੇ ਮੂੰਗਲੀਆਂ ਫੇਰਦੇ ਹਨ , ਜਦੋਂ ਆਪਸ ਵਿਚ ਜਫੋ ਜੱਫੀ ਹੁੰਦੇ ਹਨ ਤਾਂ ਤੇਲ ਦੀ ਮਾਲਿਸ਼ ਨਾਲ ਲਿਸ਼ ਲਿਸ਼ ਕਰਦੇ ਸਰੀਰ ਤੋਂ ਇਕ ਦੂਜੇ ਦੇ ਹੱਥ ਤਿਲਕਦੇ ਹਨ, ਦਾਅ ਨਹੀਂ ਪੈਂਦਾ ਤਾਂ ਫਿਰ ਇਕ ਦੂਸਰੇ ਉੱਤੇ ਮਿੱਟੀ ਸੁੱਟਦੇ ਹਨ ਤੇ ਆਪੋ ਆਪਣੇ ਦਾਅ ਪੇਚ ਲਾ ਕੇ ਇਕ ਦੂਸਰੇ ਨੂੰ ਚਿੱਤ ਕਰਨ ਦੀ ਕੋਸ਼ਿਸ਼ ਕਰਦੇ ਹਨ ।

ਪਹਿਲਵਾਨਾਂ ਨੇ ਆਪਣਾ ਸਰੀਰ ਇਕੱਲੀ ਕਸਰਤ ਦੇ ਨਾਲ ਹੀ ਨਹੀਂ ਬਲਕਿ ਮਾਲਿਸ਼ ਕਰਕੇ ਵੀ ਕਮਾਇਆ ਹੁੰਦਾ ਹੈ । ਹਥਲੀ ਚਰਚਾ ਵਿਚ ਮੈਂ ਮਨੁੱਖੀ ਸਰੀਰ ਵਾਸਤੇ ਮਾਲਿਸ਼ ਦੀ ਕੀ ਮਹੱਤਾ ਹੈ ਦੇ ਬਾਰੇ ਚ ਗੱਲ ਕਰਨੀ ਚਾਹੁੰਦਾ ਹਾਂ । ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਵਿਚੋਂ ਬਹੁਤੇ ਆਪਣੇ ਸਰੀਰ ਦੀ ਲੋੜ ਤੋਂ ਵੀ ਵਧੇਰੇ ਵਰਤੋਂ ਕਰਦੇ ਹਨ । ਬਰੁਸ਼ ਕਰਨ, ਨਹਾਉਣ , ਟਾਇਲਟ ਤੇ ਪਿਸ਼ਾਬ ਵਗੈਰਾ ਕਰਨ ਵਿਚ ਵੀ ਕਾਹਲੀ ਕਰਦੇ ਹਾਂ, ਖਾਣਾ ਤਾਂ ਕਈ ਵਾਰ ਤੁਰਦਿਆਂ ਫਿਰਦਿਆਂ ਹੀ ਖਾਧਾ ਜਾਂਦਾ ਹੈ ਕਿਉਂਕਿ ਇਤਮਨਾਨ ਨਾਲ ਬੈਠ ਕੇ ਖਾਣਾ ਖਾਣ ਦਾ ਬਹੁਤੀ ਵਾਰ ਸਾਡੇ ਕੋਲ ਸਮਾਂ ਹੀ ਨਹੀਂ ਹੁੰਦਾ । ਇਹ ਗੱਲ ਮੈਂ ਪਿਛੇ ਵੀ ਕਹਿ ਚੁੱਕਾ ਹਾਂ ਤੇ ਇਥੇ ਵੀ ਦੁਹਰਾਵਾਂਗਾ ਕਿ ਅਸੀਂ ਆਪਣੇ ਸਰੀਰਤੰਤਰ ਰੂਪੀ ਮਸ਼ੀਨ ਨੂੰ ਸਮਝਣ ਤੇ ਸੰਭਾਲਣ ਦੀ ਬਜਾਏ ਵਰਤਣ ਉਤੇ ਹੀ ਲੱਗੇ ਰਹਿੰਦੇ ਹਾਂ । ਉਂਜ ਤਾਂ ਅਸੀ ਇਹ ਕਹਿੰਦੇ ਹਾਂ ਕਿ ਆਪਣੇ ਸਰੀਰ ਦੀ ਦੇਖਭਾਲ ਦਾ ਸਾਡੇ ਕੋਲ ਸਮਾਂ ਨਹੀਂ,ਪਰ ਬਿਮਾਰੀ ਵੇਲੇ ਮਹੀਨਿਆਂ ਬੱਧੀ ਮੰਜਾ ਮੱਲੀ ਬੈਠੇ ਰਹਿੰਦੇ ਹਾਂ ।

ਜੇਕਰ ਦਿਨ ਦੇ ਚੌਵੀ ਘੰਟਿਆਂ ਵਿਚੋਂ ਘੱਟੋ ਘੱਟ ਅੱਧਾ ਘੰਟਾ ਵੀ ਅਸੀ ਆਪਣੇ ਸਰੀਰ ਦੀ ਸੰਭ੍ਹਾਲ ਕਰ ਲਈਏ ਤਾਂ ਕੁੱਝ ਕੁ ਸਮੇਂ ਵਿਚ ਹੀ ਆਪਣੇ ਆਪ ਵਿਚ ਅੰਤਾਂ ਦੀ ਚੁਸਤੀ, ਸਫੁਰਤੀ ਤੇ ਜੋਸ਼ ਨੂੰ ਮਹਿਸੂਸ ਵੀ ਕਰ ਸਕਦੇ ਹਾਂ ਤੇ ਮਾਣ ਵੀ ਸਕਦੇ ਹਾਂ, ਇਸ ਦੇ ਨਾਲ ਹੀ ਸਰੀਰਕ ਦਿੱਖ ਤੇ ਫਬਤ ਬਦਲ ਸਕਦੇ ਹਾਂ ।

ਗੱਲ ਮਾਲਿਸ਼ ਬਾਰੇ ਕਰ ਰਹੇ ਹਾਂ । ਮੇਰੇ ਪੈਰਾਂ ਦਾ ਬੁਰਾ ਹਾਲ ਸੀ, ਅੰਗੂਠੇ ਤੇ ਉਂਗਲੀਆਂ ਦੇ ਨੰਹੁ ਖਰਾਬ ਹੋ ਗਏ ਸਨ, ਪੈਰਾਂ ਦੀਆਂ ਕੁੱਝ ਕੁ ਨਸਾਂ ਵਿਚ ਬਲੌਕੇਜ ਆ ਗਈ ਸੀ ਤੇ ਕੁੱਝ ਕੁ ਅਕ੍ਰਿਆਸ਼ੀਲ ਹੋ ਗਈਆਂ ਸਨ , ਬਹੁਤ ਮੱਲ੍ਹਮਾਂ ਕਰੀਮਾਂ ਲਗਾਈਆਂ, ਪਰ ਕੋਈ ਖਾਸ ਫਰਕ ਨਾ ਪਿਆ, ਆਖਿਰ ਮੇਰੇ ਇਕ ਬਹੁਤ ਹੀ ਸਿਆਣੇ ਮਿੱਤਰ ਨੇ ਸਰਸੋਂ, ਔਲੇ, ਅਰਿੰਡੀ ਜਾਂ ਬਦਾਮ ਆਦਿ ਕਿਸੇ ਵੀ ਤੇਲ ਨਾਲ ਰੌਜਾਨਾ ਰਾਤ ਨੂੰ ਸੌਣ ਤੋ ਪਹਿਲਾਂ ਪੰਜ ਦਸ ਮਿੰਟ ਪੈਰਾਂ ਦੀਆਂ ਤਲੀਆਂ ਸਮੇਤ ਸਾਰੇ ਪਾਸੇ ਮਾਲਿਸ਼ ਕਰਨ ਦੀ ਸਲਾਹ ਦਿੱਤੀ, ਉਸ ਦੀ ਸਲਾਹ ਮੰਨਕੇ, ਨੇਮ ਨਾਲ ਮਾਲਿਸ਼ ਕਰਨੀ ਸ਼ੁਰੂ ਕੀਤੀ, ਦੋ ਮਹੀਨੇ ਤੱਕ ਕੋਈ ਫਰਕ ਨਜਰ ਨਾ ਆਇਆ ਤਾਂ ਮੈਂ ਆਪਣੇ ਉਸ ਅਜੀਜ ਦੋਸਤ ਨੂੰ ਫੋਨ ਕਰਕੇ ਦੱਸਿਆ ਕਿ ਕੋਈ ਫਰਕ ਨਹੀਂ ਪਿਆ ਤਾਂ ਉਸ ਨੇ ਅੱਗੋ ਜਵਾਬ ਦਿੱਤਾ ਕਿ ਬਸ ਲੱਗਾ ਰਹਿ ਫਰਕ ਜਰੂਰ ਪਵੇਗਾ , ਮੈਂ ਉਸ ਦੀ ਸਲਾਹ ਦੇ ਮੁਤਾਬਿਕ ਚਲਦਾ ਰਿਹਾ, ਕੁੱਝ ਕੁ ਹਫਤਿਆਂ ਬਾਅਦ ਪੈਰਾਂ ਦੀਆਂ ਨਸਾਂ ਰਾਤ ਨੂੰ ਸੁੱਤਿਆਂ ਪਿਆਂ ਇਸ ਤਰਾਂ ਖੁਲ੍ਹਣੀਆਂ ਸ਼ੁਰੂ ਹੋਈਆਂ ਕਿ ਜਿਵੇਂ ਬਲੇਡ ਦੇ ਨਾਲ ਮੇਰੇ ਪੈਰਾਂ ਨੂੰ ਚੀਰਾ ਦਿੱਤਾ ਜਾ ਰਿਹਾ ਹੋਵੇ । ਹੁਣ ਮੇਰੇ ਪੈਰ ਤੇ ਨੰਹ ਬਿਲਕੁਲ ਠੀਕ ਹਨ, ਪਰ ਇਹ ਕਿਰਿਆ ਮੈਂ ਅੱਜ ਵੀ ਨੇਮ ਨਾਲ ਕਰਦਾ ਹਾਂ ਤੇ ਕਰਦਾ ਰਹਾਂਗਾ । ਇਥੇ ਦੱਸਦਾ ਜਾਵਾਂ ਕਿ ਪੈਰਾਂ ਦੀ ਮਾਲਿਸ਼ ਕਰਨ ਨਾਲ ਸਿਰਫ ਨਸਾਂ ਹੀ ਠੀਕ ਨਹੀਂ ਹੁੰਦੀਆਂ ਬਲਕਿ ਪੈਰਾਂ ਦੇ ਦਰਦ ਤੋਂ ਵੀ ਮੁਕਤੀ ਮਿਲਦੀ ਹੈ।

ਨਿਯਮਤ ਰੂਪ ਵਿਚ ਆਪਣੇ ਸਰੀਰ ਦੀ ਮਾਲਸ਼ ਕਰਨ ਨਾਲ ਬਹੁਤ ਸਾਰੇ ਰੋਗਾਂ ਤੋਂ ਮੁਕਤੀ ਮਿਲ ਸਕਦੀ ਹੈ । ਸਰੀਰ ਵਿਚ ਖੂਨ ਸੰਚਾਰ ਦੀ ਪ੍ਰਕਿਰਿਆ ਬੇਹਤਰ ਹੋ ਜਾਂਦੀ ਹੈ, ਨੀਂਦ ਵਧੀਆ ਆਉਂਦੀ ਹੈ, ਚਮੜੀ ਤੇ ਵਾਲਾਂ ਵਿਚ ਚਮਕ ਆ ਜਾਂਦੀ ਹੈ , ਗਠੀਏ ਦੀ ਬਿਮਾਰੀ ਦੇ ਮਰੀਜ ਇਸ ਕਿਰਿਆ ਤੋ ਕਾਫੀ ਫਾਇਦਾ ਲੈ ਸਕਦੇ ਹਨ, ਪੇਟ ਦੀ ਮਾਲਿਸ਼ ਨਾਲ ਪਾਚਨ ਪ੍ਰਣਾਲੀ ਬੇਹਤਰ ਤੇ ਮਜਬੂਤ ਹੁੰਦੀ ਹੈ, ਅੰਤੜੀਆਂ, ਜਿਗਰ ਤੇ ਸਰੀਰ ਦੇ ਹੋਰ ਅੰਗ ਸਹੀ ਤਰੀਕੇ ਨਾਲ ਕਿਰਿਆਸ਼ੀਲ ਰਹਿੰਦੇ ਹਨ । ਸਰੀਰਕ ਇਮਊਨਿਟੀ ਵਿਚ ਵਾਧਾ ਹੁੰਦਾ ਹੈ, ਜਿਸ ਕਰਕੇ ਚੁਸਤੀ, ਫੁਰਤੀ ਤੇ ਉਤਸ਼ਾਹ ਬਣੇ ਰਹਿੰਦੇ ਹਨ , ਸਰੀਰ ਇਨਫੈਕਸ਼ਨ ਤੇ ਵਾਇਰਸ ਦੇ ਹਮਲਿਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ ਜਾਂਦਾ ਹੈ । ਮਾਲਿਸ਼ ਕਰਨ ਨਾਲ ਸਰੀਰ ਵਿੱਚੋ ਵਧੀਆ ਹਾਰਮੋਨਸ ਰਿਲੀਜ਼ ਹੁੰਦੇ ਹਨ, ਜੋ ਦਿਮਾਗ ਨੂੰ ਸ਼ਾਂਤ ਅਤੇ ਤਣਾਅ ਮੁਕਤ ਰੱਖਣ 'ਚ ਮਦਦ ਕਰਦੇ ਹਨ।

ਸੋ ਮੁਕਦੀ ਗੱਲ ਇਹ ਕਿ ਆਪਣੇ ਆਪ ਦੀ ਸੰਭਾਲ ਕਰਨ ਦੀ ਆਦਤ ਪਾਈਏ । ਇਹ ਆਦਤ ਸਾਡੇ ਜੀਵਨ ਵਾਸਤੇ ਬਹੁਤ ਫਾਇਦੇਮੰਦ ਹੋਵੇਗੀ । ਹਰ ਰੋਜ ਨਹੀਂ ਤਾਂ ਹਫਤੇ ਵਿਚ ਦੋ ਵਾਰ ਆਪਣੇ ਪੂਰੇ ਸਰੀਰ ਦੀ ਰੂਹਦਾਰੀ ਨਾਲ ਮਾਲਿਸ਼ ਜਰੂਰ ਕਰੋ ਤੇ ਤੰਦਰੁਸਤੀ ਦੀ ਆਨੰਦ ਮਾਣੋ ।

———— ਚਲਦਾ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

GTA Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫਲ ਇਲਾਜ



ਚਮੜੀ ਦੇ ਰੋਗਾਂ ਦਾ ਸਫਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਕਿਉਂ ਵੱਧ ਰਹੇ ਨੇ Heart Attack ਦੇ ਕਾਰਨ?



ਅੱਜ ਕੱਲ੍ਹ ਹਰ ਕਿਸੇ ਦੀ ਜ਼ਿੰਦਗੀ ਵਿੱਚ ਤਣਾਅ ਹੈ, ਜਿਸ ਕਾਰਨ ਲੋਕਾਂ ਵਿੱਚ ਗੁੱਸਾ, ਨਿਰਾਸ਼ਾ, ਘਬਰਾਹਟ ਅਤੇ ਚਿੰਤਾ ਦੀ ਸਮੱਸਿਆ ਵਧ ਗਈ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਵਧਦਾ ਤਣਾਅ ਤੁਹਾਡੇ ਦਿਲ ਲਈ ਖਤਰਨਾਕ ਸਾਬਤ ਹੋ ਸਕਦਾ ਹੈ। ਹਰ ਕੋਈ ਆਪਣੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ 'ਤੇ ਤਣਾਅ ਮਹਿਸੂਸ ਕਰਦਾ ਹੈ, ਪਰ ਜੇ ਇਹ ਤਣਾਅ ਲੰਬੇ ਸਮੇਂ ਤੱਕ ਬਣਿਆ ਰਹੇ ਤਾਂ ਇਹ ਪੂਰੇ ਸਰੀਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਸਿਹਤ ਮਾਹਿਰਾਂ ਮੁਤਾਬਕ ਵਧਦਾ ਤਣਾਅ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਅਮਰੀਕਾ ਵਿਚ ਗੈਰ-ਸਿਹਤਮੰਦ ਖੁਰਾਕ, ਘੱਟ ਸਰੀਰਕ ਗਤੀਵਿਧੀ, ਸਿਗਰਟਨੋਸ਼ੀ, ਜ਼ਿਆਦਾ ਸ਼ਰਾਬ ਪੀਣਾ ਅਤੇ ਤਣਾਅ ਵੀ ਦਿਲ ਦੀਆਂ ਬਿਮਾਰੀਆਂ ਦਾ ਵੱਡਾ ਕਾਰਨ ਬਣ ਰਹੇ ਹਨ।

ਸਿਹਤ ਮਾਹਿਰਾਂ ਮੁਤਾਬਕ ਲੰਬੇ ਸਮੇਂ ਤੱਕ ਤਣਾਅ ਵਿੱਚ ਰਹਿਣ ਨਾਲ ਸਰੀਰ ਵਿੱਚ ਸੋਜ ਦੀ ਸਮੱਸਿਆ ਵੱਧ ਜਾਂਦੀ ਹੈ, ਜਿਸ ਕਾਰਨ ਧਮਨੀਆਂ ਵਿੱਚ ਪਲਾਕ ਬਣਨ ਲਗਦਾ ਹੈ। ਇਸ ਨਾਲ ਕੋਰੋਨਰੀ ਆਰਟਰੀ ਬਿਮਾਰੀ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਕੋਰੋਨਰੀ ਆਰਟਰੀ ਬਿਮਾਰੀ ਦਿਲ ਦੇ ਦੌਰੇ, ਅਸਧਾਰਨ ਦਿਲ ਦੀ ਧੜਕਣ ਅਤੇ ਦਿਲ ਦੀ ਅਸਫਲਤਾ ਦੇ ਜੋਖਮ ਨੂੰ ਲੈ ਸਕਦੀ ਹੈ।

**ਹਾਰਟ ਅਟੈਕ ਤੇ ਤਣਾਅ ਦਾ ਕਨੈਕਸ਼ਨ**

– ਤਣਾਅ ਦੇ ਕਾਰਨ ਐਡਰੀਨਲ ਗਲੈਂਡ ਵਿੱਚ ਕੈਟੇਕੋਲਾਮਾਈਨ ਨਾਂ ਦਾ ਹਾਰਮੋਨ ਵਧਣਾ ਸ਼ੁਰੂ ਹੋ ਜਾਂਦਾ ਹੈ। ਇਸ ਹਾਰਮੋਨ ਕਾਰਨ ਦਿਲ ਤੇਜ਼ੀ ਨਾਲ ਧੜਕਣ ਲੱਗਦਾ ਹੈ ਅਤੇ ਬਲੱਡ ਪ੍ਰੈਸ਼ਰ ਵੀ ਤੇਜ਼ੀ ਨਾਲ ਵਧਦਾ ਹੈ। ਜੇ ਇਹ ਹਾਰਮੋਨ ਬਹੁਤ ਜ਼ਿਆਦਾ ਵਧ ਜਾਂਦੇ ਹਨ ਤਾਂ ਇਹ ਦਿਲ ਲਈ ਖਤਰਨਾਕ ਸਾਬਤ ਹੁੰਦਾ ਹੈ। ਕੋਰਟੀਸੋਲ ਨਾਮ ਦਾ ਇਹ ਤਣਾਅ ਵਾਲਾ ਹਾਰਮੋਨ ਸਰੀਰ ਵਿੱਚ ਕਈ ਬਿਮਾਰੀਆਂ ਨੂੰ ਵਧਾਉਂਦਾ ਹੈ।

ਜੇ ਤੁਸੀਂ ਲੰਬੇ ਸਮੇਂ ਤੱਕ ਤਣਾਅ ਜਾਂ ਟੈਨਸ਼ਨ ਵਿੱਚ ਰਹਿੰਦੇ ਹੋ, ਤਾਂ ਇਸ ਨਾਲ ਛਾਤੀ ਵਿੱਚ ਦਰਦ, ਅਨਿਯਮਿਤ ਦਿਲ ਦੀ ਧੜਕਣ, ਸਾਹ ਲੈਣ ਵਿੱਚ ਮੁਸ਼ਕਲ ਅਤੇ ਦਿਲ ਦੇ ਦੌਰੇ ਅਤੇ ਸਟ੍ਰੋਕ ਦਾ ਜੋਖਮ ਵਧ ਸਕਦਾ ਹੈ।

ਜਿਨ੍ਹਾਂ ਲੋਕਾਂ ਦੀਆਂ ਧਮਨੀਆਂ ਵਿੱਚ ਪਹਿਲਾਂ ਹੀ ਪਲਾਕ ਜਮ੍ਹਾ ਹੋ ਗਿਆ ਹੈ, ਉਨ੍ਹਾਂ ਦੇ ਸਰੀਰ ਵਿੱਚ ਐਡਰੇਨਾਲੀਨ ਦੀ ਮਾਤਰਾ ਵਿੱਚ ਵਾਧਾ ਕਈ ਵਾਰ ਪਲਾਕ ਦੇ ਰਪਚਰ ਦਾ ਕਾਰਨ ਬਣਦਾ ਹੈ, ਜਿਸ ਕਾਰਨ ਬਲੱਡ ਕਲੋਟਿੰਗ ਹੁਦੀ ਹੈ ਅਤੇ ਇਹ ਕਲਾਟ ਕਈ ਵਾਰ ਵੱਡਾ ਹੋ ਕੇ ਬਲੱਡ ਫਲੋਅ ਨੂੰ ਪੂਰੀ ਤਰ੍ਹਾਂ ਤੋ ਰੋਕ ਦਿੰਦਾ ਹੈ। ਅਜਿਹੀ ਸਥਿਤੀ ਵਿੱਚ ਦਿਲ ਦੇ ਦੌਰੇ ਦਾ ਖ਼ਤਰਾ ਵੱਧ ਜਾਂਦਾ ਹੈ।

ਜੇ ਤੁਹਾਨੂੰ ਪਹਿਲਾਂ ਹੀ ਅਨਿਯਮਿਤ ਦਿਲ ਦੀ ਧੜਕਣ ਜਾਂ ਦਿਲ ਦੇ ਰੋਗ ਵਰਗੀਆਂ ਦਿਲ ਦੀਆਂ ਸਮੱਸਿਆਵਾਂ ਹਨ, ਤਾਂ ਜ਼ਿਆਦਾ ਤਣਾਅ ਦੇ ਕਾਰਨ ਇਹ ਸਮੱਸਿਆ ਹੋਰ ਵੀ ਵੱਧ ਸਕਦੀ ਹੈ। ਇਸ ਤੋ ਇਲਾਵਾ ਤਣਾਅਪੂਰਨ ਸਥਿਤੀਆਂ ਕਈ ਅਜਿਹੀਆਂ ਸਥਿਤੀਆਂ ਪੈਦਾ ਕਰਦੀਆਂ ਹਨ ਜੋ ਦਿਲ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

ਜ਼ਿਆਦਾਤਰ ਲੋਕ ਤਣਾਅ ਤੋ ਬਚਣ ਲਈ ਆਪਣੀ ਜੀਵਨਸ਼ੈਲੀ ਵਿਚ ਗੈਰ-ਸਿਹਤਮੰਦ ਚੀਜ਼ਾਂ ਨੂੰ ਸ਼ਾਮਲ ਕਰਦੇ ਹਨ। ਜਿਵੇਂ-ਜਿਵੇਂ ਤਣਾਅ ਵਧਦਾ ਹੈ, ਲੋਕ ਗੈਰ-ਸਿਹਤਮੰਦ ਭੋਜਨ ਖਾਣਾ ਸ਼ੁਰੂ ਕਰ ਦਿੰਦੇ ਹਨ ਅਤੇ ਉਨ੍ਹਾਂ ਦੀ ਸਿਗਰਟ ਅਤੇ ਸ਼ਰਾਬ ਪੀਣ ਦੀ ਆਦਤ ਵਧ ਜਾਂਦੀ ਹੈ। ਇਹ ਆਦਤਾਂ ਹਾਈ ਕੋਲੈਸਟ੍ਰੋਲ ਅਤੇ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਨੂੰ ਜਨਮ ਦਿੰਦੀਆਂ ਹਨ ਜਿਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ।

# ਪੇਟ ਦੀ ਚਰਬੀ ਘਟਾਉਣ 'ਚ ਕਿਸ ਤਰ੍ਹਾਂ ਮਦਦ ਕਰਦੀ ਹੈ ਹਲਦੀ?

ਹਲਦੀ ਸਦੀਆਂ ਤੋ ਭਾਰਤੀ ਰਸੋਈ ਦਾ ਮਹੱਤਵਪੂਰ ਹਿੱਸਾ ਰਹੀ ਹੈ। ਇਹ ਸਿਰਫ ਖਾਣ ਦਾ ਰੰਗ ਤੇ ਸੁਆਦ ਵਾਲਾ ਮਸਾਲਾ ਹੀ ਨਹੀਂ ਸਗੋ ਔਸ਼ਧੀ ਗੁਣਾਂ ਨਾਲ ਵੀ ਭਰਪੂਰ ਹੈ। ਭਾਰ ਘਟਾਉਣ ਦੀ ਜੱਦੋ-ਜਹਿਦ ਵਿਚ ਲੱਗੇ ਲੋਕਾਂ ਲਈ ਹਲਦੀ ਕਿਸੇ ਵਰਦਾਨ ਤੋ ਘੱਟ ਨਹੀਂ ਹੈ। ਹਾਲਾਂਕਿ ਬਾਜ਼ਾਰ ਵਿਚ ਕਈ ਤਰ੍ਹਾਂ ਦੇ ਹੈਲਦੀ ਵਾਲੇ ਪ੍ਰੋਡਕਟਸ ਮੌਜੂਦ ਹਨ ਪਰ ਭਾਰ ਘਟਾਉਣ ਲਈ ਹਲਦੀ ਦਾ ਸਭ ਤੋ ਕਾਰਗਰ ਤਰੀਕਾ ਸਰਲ ਤੇ ਸਿੱਧਾ ਹੈ। ਆਓ ਜਾਣਦੇ ਹਾਂ ਹਲਦੀ ਨੂੰ ਕਿਸ ਤਰ੍ਹਾਂ ਤੋਂ ਇਸਤੇਮਾਲ ਕੀਤਾ ਜਾਵੇ ਜਿਸ ਨਾਲ ਤੁਸੀਂ ਤੇਜ਼ੀ ਨਾਲ ਤੇ ਸੁਰੱਖਿਅਤ ਤਰੀਕੇ ਨਾਲ ਭਾਰ ਘੱਟ ਕਰ ਸਕੋ। ਹਲਦੀ ਵਿਚ ਪਾਇਆ ਜਾਣ ਵਾਲਾ ਮੁੱਖ ਤੱਤ ਕਰਕਿਊਮਿਨ ਨਾਮਕ ਬਾਇਓਐਕਟਿਵ ਮਿਸ਼ਰਣ ਹੁੰਦਾ ਹੈ। ਖੋਜ ਦਰਸਾਉਂਦੀ ਹੈ ਕਿ ਕਰਕਿਊਮਿਨ ਵਿੱਚ ਸਾੜ ਵਿਰੋਧੀ (ਸੋਜ ਨੂੰ ਘਟਾਉਣ) ਅਤੇ ਮੈਟਾਬੋਲਿਜ਼ਮ ਨੂੰ ਵਧਾਉਣ ਵਾਲੀਆਂ ਵਿਸ਼ੇਸ਼ਤਾਵਾਂ ਹਨ। ਇਹ ਦੋਵੇਂ ਗੁਣ ਭਾਰ ਘਟਾਉਣ ਵਿੱਚ ਮਦਦਗਾਰ ਹਨ।

**ਸਰੀਰ ਵਿਚ ਸੋਜਿਸ਼ ਨੂੰ ਘੱਟ ਕਰਨਾ :** ਜ਼ਿਆਦਾ ਭਾਰ ਤੇ ਮੋਟਾਪੇ ਨਾਲ ਗ੍ਰਸਤ ਲੋਕਾਂ ਵਿਚ ਅਕਸਰ ਸਰੀਰ ਵਿਚ ਸੋਜਿਸ਼ ਦੀ ਸਮੱਸਿਆ ਹੁੰਦੀ ਹੈ। ਹਲਦੀ ਵਿਚ ਮੌਜੂਦ ਕਰਕਿਊਮਿਨ ਇਸ ਸੋਜਿਸ਼ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ ਜਿਸ ਨਾਲ ਭਾਰ ਘਟਾਉਣ ਦੀ ਪ੍ਰਕਿਰਿਆ ਆਸਾਨ ਹੋ ਜਾਂਦੀ ਹੈ।

**ਮੈਟਾਬਾਲਿਜ਼ਮ ਨੂੰ ਵਧਾਉਣਾ :** ਸਰੀਰ ਦਾ ਮੈਟਾਬਾਲਿਜ਼ਮ ਜਿੰਨਾ ਤੇਜ਼ ਹੁੰਦਾ ਹੈ, ਓਨੀ ਹੀ ਜ਼ਿਆਦਾ ਕੈਲੋਰੀ ਉਹ ਬਰਨ ਕਰਦਾ ਹੈ। ਹਲਦੀ ਵਿਚ ਮੌਜੂਦ ਕਰਕਿਊਮਿਨ ਸਰੀਰ ਦੇ ਮੈਟਾਬਾਲਿਜ਼ਮ ਨੂੰ ਵਧਾਉਣ ਵਿਚ ਮਦਦ ਕਰਦਾ ਹੈ ਜਿਸ ਨਾਲ ਸਰੀਰ ਹਲਦੀ ਨਾਲ ਫੈਟ ਬਰਨ ਕਰਨ ਲੱਗਦਾ ਹੈ।

**ਹਲਦੀ ਵਾਲਾ ਪਾਣੀ :** ਸਵੇਰੇ ਖਾਲੀ ਪੇਟ ਇਕ ਗਿਲਾਸ ਕੋਸੇ ਪਾਣੀ ਵਿਚ ਇਕ ਚੱਮਚ ਹਲਦੀ ਪਾਊਡਰ ਤੇ ਥੋੜ੍ਹਾ ਜਿਹਾ ਨਿੰਬੂ ਪਾ ਕੇ ਪੀਓ। ਇਹ ਭਾਰ ਘਟਾਉਣ ਦਾ ਸਭ ਤੋ ਸਰਲ ਤੇ ਕਾਰਗਰ ਘਰੇਲੂ ਨੁਸਖਾ ਹੈ।

**ਹਲਦੀ ਵਾਲਾ ਦੁੱਧ :** ਇਕ ਗਿਲਾਸ ਗਰਮ ਦੁੱਧ ਵਿਚ ਅੱਧਾ ਚੱਮਚ ਹਲਦੀ ਪਾਊਡਰ ਤੇ ਥੋੜ੍ਹੀ ਜਿਹੀ ਦਾਲਚੀਨੀ ਪਾਊਡਰ ਪਾ ਕੇ ਪੀਓ। ਇਹ ਨਾ ਸਿਰਫ ਭਾਰ ਘਟਾਉਣ ਵਿਚ ਮਦਦ ਕਰੇਗਾ ਸਗੋ ਚੰਗੀ ਨੀਂਦ ਵੀ ਆਏਗੀ।

# ਹੈਲਥ ਫਾਰ ਆਲ:
# ਤੰਦਰੁਸਤੀ ਹੀ ਤੁਹਾਡਾ ਪਹਿਲਾ ਹੱਕ ਹੈ






**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

"ਵਿਸ਼ਵ ਸਿਹਤ ਸੰਸਥਾ ਦਿਵਸ 2024 ਦਾ ਥੀਮ ਹੈ- ਤੰਦਰੁਸਤੀ ਹਰ ਨਾਗਰਿਕ ਦਾ ਹੱਕ ਹੈ। ਆਪਣੀ 'ਤੇ ਫੈਮਿਲੀ ਨੂੰ ਤੰਦਰੁਸਤ ਰੱਖਣ ਲਈ ਹਰ ਪੱਖੋਂ ਜਾਗਰੁੱਕ ਹੋਣ ਦੀ ਲੋੜ ਹੈ- ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** ਵਿਸ਼ਵ ਸਿਹਤ ਦਿਵਸ 7 ਅਪ੍ਰੈਲ 2024 ਦੇ ਦਿਨ ਤੰਦਰੁਸਤੀ ਦੇ ਨਾਲ ਜੁੜੇ ਹੱਕਾਂ ਅਤੇ ਹੈਲਥ ਫਾਰ ਆਲ ਬਾਰੇ ਚਰਚਾ ਕੀਤੀ ਜਾ ਰਹੀ ਹੈ। ਵਿਸ਼ਵ ਸਿਹਤ ਸੰਸਥਾ ਆਨ ਦ ਇਕਨਾਮਿਕਸ ਆਫ ਹੈਲਥ ਫਾਰ ਆਲ ਦੇਖਿਆ ਹੈ ਕਿ ਘੱਟੋ-ਘੱਟ 140 ਦੇਸ਼ਾਂ ਨੇ ਆਪਣੇ ਸੰਵਿਧਾਨ 'ਚ ਸਿਹਤ ਨੂੰ ਮਨੁੱਖੀ ਅਧਿਕਾਰ ਵੱਜੋਂ ਮਾਨਤਾ ਦਿੱਤੀ ਹੈ। ਫਿਰ ਵੀ ਦੇਸ਼ ਇਹ ਯਕੀਨੀ ਬਣਾਉਣ ਲਈ ਕਾਨੂੰਨ ਨੂੰ ਪਾਸ ਨਹੀਂ ਕਰ ਰਹੇ ਹਨ ਅਤੇ ਨਾ ਹੀ ਲਾਗੂ ਕਰ ਰਹੇ ਹਨ। ਉਨਾਂ ਦੀ ਆਬਾਦੀ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਦੇ ਹੱਕਦਾਰ ਹੈ। ਇਸ ਤੱਥ ਦੇ ਮੁਤਾਬਿਕ ਘੱਟੋ-ਘੱਟ 4.5 ਬਿਲੀਅਨ ਲੋਕ - ਵਿਸ਼ਵ ਦੀ ਅੱਧੀ ਆਬਾਦੀ 2021 'ਚ ਜ਼ਰੂਰੀ ਸਿਹਤ ਸੇਵਾਵਾਂ ਦੁਆਰਾ ਪੂਰੀ ਤਰ੍ਹਾਂ ਕਵਰ ਨਹੀ ਕੀਤੀ ਗਈ ਸੀ। ਵਿਸ਼ਵ ਸਿਹਤ ਦਿਵਸ 1948 ਵਿੱਚ ਵਿਸ਼ਵ ਸਿਹਤ ਸੰਸਥਾ ਦੀ ਸਥਾਪਨਾ ਦੀ ਵਰੇਗੰਢ ਦੀ ਯਾਦ ਵਿੱਚ ਹਰ ਸਾਲ 7 ਅਪ੍ਰੈਲ ਮਨਾਇਆ ਜਾਂਦਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਨੂੰ ਕੰਟ੍ਰੋਲ ਕਰਨ ਲਈ ਜਨਤਕ ਸਿਹਤ ਲਈ ਹਰ ਸਾਲ ਵਿਸ਼ਵ ਸਿਹਤ ਦਾ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ, ਜਿਸ ਨਾਲ ਕਮਿਉਨੀਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਅਵੇਅਰ ਕੀਤਾ ਜਾਂਦਾ ਹੈ। ਕੀ ਅਸੀਂ ਅਜਿਹੀ ਦੁਨੀਆ ਦੀ ਮੁੜ ਕਲਪਨਾ ਕਰ ਸਕਦੇ ਹਾਂ ਜਿੱਥੇ ਸਾਫ ਹਵਾ, ਸਾਫ ਭੋਜਨ ਸਾਰਿਆਂ ਲਈ ਉਪਲਵਧ ਹੋਵੇ? ਸਾਰਿਆਂ ਦੀ ਸਿਹਤ ਮੁਮਕਿਨ ਹੈ ਜੇ ਹਰ ਆਦਮੀ ਨੂੰ ਖਾਣ-ਪੀਣ ਲਈ ਬਿਨਾ ਮਿਲਾਵਟ ਖ਼ੁਰਾਕ, ਸਾਫ ਪਾਣੀ ਅਤੇ ਸਾਹ ਲੈਣ ਲਈ ਪ੍ਰਦੂਸ਼ਨ ਰਹਿਤ ਹਵਾ ਮਿਲੇ। ਵਿਸ਼ਵ ਭਰ ਵਿੱਚ ਕਈ ਮਿਲੀਅਨ ਲੋਕ ਜਾਣੇ-ਪਛਾਣੇ ਪਰਹੇਜ਼ਯੋਗ ਵਾਤਾਵਰਣ ਦੇ ਖਤਰੇ ਕਰਕੇ ਅਚਾਨਕ ਮੌਤਾਂ ਦੇ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਅਮਰੀਕਾ ਵਿੱਚ ਵਾਤਾਵਰਣ ਸੁਰੱਖਿਆ, ਆਰਥਿਕ ਵਿਕਾਸ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਹੋਣ ਨਾਲ ਲੋਕਾਂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ।

**ਆਪਣਾ 'ਤੇ ਪੂਰੇ ਪਰਿਵਾਰ ਦਾ ਖਿਆਲ ਰੱਖੋ :**

- ਦੁਨੀਆ ਭਰ ਵਿਚ ਮੌਸਮ ਮੁਤਾਬਿਕ ਆਉਟਡੋਰ ਐਕਟੀਵਿਟੀ ਹਾਈਕਿੰਗ, ਸਾਈਕਲਿੰਗ ਅਤੇ ਤੇਜ਼ ਰਨਿੰਗ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ।
- ਲੰਬੀ ਜ਼ਿੰਦਗੀ ਜੀਉਣ ਲਈ, ਸਰੀਰਕ-ਮਾਨਸਿਕ ਬਿਮਾਰੀਆਂ ਦੇ ਜੋਖਮ ਨੂੰ ਘਟਾਓਣ ਲਈ ਦੁਨੀਆ ਦੇ ਹਰ ਆਦਮੀ ਨੂੰ ਆਪਣੇ ਲਾਈਫ ਸਟਾਇਲ ਵਿਚ ਤਬਦੀਲ਼ੀ ਕਰਨ ਦੀ ਲੋੜ ਹੈ।
- ਪ੍ਰਦੂਸ਼ਨ ਕਾਰਨ ਮਿੱਟੀ-ਘੱਟੇ ਨਾਲ ਵੱਧ ਰਹੀ ਸਾਹ, ਅੱਖਾਂ,'ਤੇ ਚਮੜੀ ਦੇ ਰੋਗ ਲਗਾਤਾਰ ਵੱਧ ਰਹੇ ਹਨ। ਘਰ ਤੋਂ ਬਾਹਰ ਸਾਹ ਰੋਗ ਤੋਂ ਬਚਣ ਲਈ ਹਮੇਸ਼ਾ ਮਾਸਕ ਵਰਤੋਂ। ਅੱਖਾਂ ਲਈ ਚੰਗੇ ਸਨ-ਗਲਾਸ ਇਸਤੇਮਾਲ ਕਰੋ।
- ਦੂਸ਼ਿਤ ਪਾਣੀ ਦੇ ਰੋਗਾਂ ਤੋਂ ਬਚਾਅ ਲਈ ਘਰ ਵਿੱਚ ਤਾਜ਼ਾ ਪੁਦੀਨਾ, 1 ਪਤੀਲਾ ਪਾਣੀ ਉਬਾਲੋ, ਅੱਧਾ ਰਹਿ ਜਾਣ 'ਤੇ ਦਿਨ ਭਰ ਪੀਂਦੇ ਰਹੋ। ਡੇਲੀ ਤਾਜ਼ਾ ਪੁਦੀਨਾ- ਪਾਣੀ ਬਣਾਓ।
- 2-4 ਘੰਟੇ ਘਰ ਤੋਂ ਬਾਹਰ ਰਹਿਣ ਵਾਲੇ ਸੌਣ ਤੋਂ ਪਹਿਲਾਂ ਗਰਮ ਪਾਣੀ ਦੁਆਰਾ ਸਟੀਮ ਜਰੂਰ ਲਵੋ। ਇਸ ਨਾਲ ਨਥੁਨੇਂ ਖੁੱਲ ਜਾਣ ਨਾਲ ਚੰਗੀ ਨੀਂਦ ਆਵੇਗੀ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜਾਨਾਂ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿਨਟ ਜੰਕ ਮੇਲ ਚੈਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।
- ਗਰਮ ਮੋਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜਾਨਾਂ 8-10 ਗਿਲਾਸ ਪੀਓ ਅਤੇ ਕੰਮ ਦੋਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ। ਵੱਧ ਕੋਲੋਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈਡ ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੇਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਉਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ ਤੇ ਬੈਡ ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।
- ਆਪਣੇ ਕੰਮ-ਕਾਜ ਦੇ ਰੂਟੀਨ ਮੁਤਾਬਿਕ ਰੋਜ਼ਾਨਾਂ ਵਰਕ-ਆਉਟ, ਤੇਜ਼ ਸੈਰ, ਜਾਗਿੰਗ, ਯੋਗਾ ਅਤੇ ਮੇਡੀਟੇਸ਼ਨ ਕਰਨ ਦੀ ਆਦਤ ਪਾ ਲਵੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿੱਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।
- ਭੁੱਖ ਲਗਣ ਤੇ ਹੀ ਕੁੱਝ ਖਾਓ, ਸੰਤੁਸ਼ਟੀ ਜੋ ਜਾਣ ਤੇ ਖਾਣਾ-ਪੀਣਾ ਬੰਦ ਕਰ ਦਿਓ। ਜ਼ਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।

**ਨੋਟ :** ਵਿਸ਼ਵ ਭਰ 'ਚ ਹਰ ਆਦਮੀ ਨੂੰ ਆਪਣੇ ਸਿਹਤ ਨਾਲ ਜੁੜੇ ਹੱਕਾਂ ਬਾਰੇ ਅਤੇ ਆਮ ਤੋਂ ਖਾਸ ਬਿਮਾਰੀਆਂ ਤੋਂ ਬਚਣ ਲਈ ਜਾਗਰੁਕ ਹੋਣ ਦੀ ਲੋੜ ਹੈ।












ਪੰਜਾਬ ਸਟਾਰ
www.punjabstar.com

# 'ਕੀਤੋਸ ਆਪਣਾ ਪੰਥ ਨਿਰਾਲਾ'- ਗੁਰਬਾਣੀ ਅਨੁਸਾਰ ਜੀਵਨ-ਜਾਚ ਦੀ ਖ਼ੂਬਸੂਰਤ ਤਸਵੀਰ

ਜਸਵਿੰਦਰ ਸਿੰਘ ਰੁਪਾਲ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚ ਵਿਗਿਆਨ ਤੇ ਅਰਥ-ਸ਼ਾਸਤਰ ਦਾ ਅਧਿਆਪਕ ਰਿਹਾ ਹੈ। ਪੰਜਾਬੀ, ਅੰਗਰੇਜ਼ੀ, ਮਨੋਵਿਗਿਆਨ, ਅਰਥ-ਸ਼ਾਸਤਰ ਅਤੇ ਜਰਨਲਿਜ਼ਮ ਵਿਸ਼ਿਆਂ ਵਿੱਚ ਐੱਮ.ਏ. ਪੱਧਰ ਦੀ ਉਚੇਰੀ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਗੁਰਬਾਣੀ ਅਧਿਐਨ ਵੀ ਉਸ ਦੀ ਡੂੰਘੀ ਦਿਲਚਸਪੀ ਦਾ ਖ਼ੇਤਰ ਰਿਹਾ ਹੈ। ਗੁਰਬਾਣੀ 'ਗਿਆਨ ਦਾ ਸਾਗਰ' ਹੈ। ਇਸ ਸਾਗਰ ਵਿੱਚ ਟੁੱਭੀ ਮਾਰਨ ਵਾਲਾ ਜਗਿਆਸੂ ਇਸ ਵਿੱਚੋਂ ਤਰ੍ਹਾਂ-ਤਰ੍ਹਾਂ ਦੇ 'ਮੋਤੀ' ਲੱਭ ਲਿਆਉਂਦਾ ਹੈ ਅਤੇ ਜਿੰਨੀ ਵੀ ਕੋਈ ਡੂੰਘੀ ਚੁੱਭੀ ਮਾਰਦਾ ਹੈ, ਓਨੇ ਹੀ ਕੀਮਤੀ ਹੀਰੇ ਮੋਤੀ ਉਸ ਦੇ ਹੱਥ ਆਉਂਦੇ ਹਨ। ਜਸਵਿੰਦਰ ਰੁਪਾਲ ਨੇ ਇਸ ਸਾਗਰ 'ਚ ਡੂੰਘੀਆਂ ਚੁੱਭੀਆਂ ਲਗਾਈਆਂ ਹਨ 'ਸ਼ਬਦ-ਰੂਪੀ ਮੋਤੀ' ਲੱਭ ਕੇ ਇਸ ਪੁਸਤਕ ਵਿਚ ਬੜੀ ਸੁਹਜ ਤੇ ਸਿਆਣਪ ਨਾਲ ਸਜਾਏ ਹਨ।




ਇਸ ਪੁਸਤਕ ਵਿਚ ਲੇਖਕ ਨੇ 30 ਲੇਖ ਸ਼ਾਮਲ ਕੀਤੇ ਹਨ। ਪੁਸਤਕ ਦਾ ਕੇਂਦਰੀ-ਧੁਰਾ ਇਸ ਦਾ ਲੇਖ 'ਕੀਤੋਸ ਆਪਣਾ ਪੰਥ ਨਿਰਾਲਾ' ਹੈ ਜਿਸ ਨੂੰ ਉਸ ਦੇ ਵੱਲੋਂ ਇਸ ਪੁਸਤਕ ਦਾ ਸਿਰਲੇਖ ਬਣਾਇਆ ਗਿਆ ਹੈ। ਜਸਵਿੰਦਰ ਸਿੰਘ ਰੁਪਾਲ ਅਨੁਸਾਰ "ਸ਼ਬਦ-ਰੂਪ ਪਾਰਬ੍ਰਹਮ ਨੂੰ ਪਹਿਚਾਣ ਕੇ, ਸ਼ਬਦ ਵਿਚ ਸੁਰਤਿ ਲਗਾ ਕੇ ਉਸ ਦੀ ਪ੍ਰਾਪਤੀ ਅਤੇ ਇਸੇ ਸ਼ਬਦ ਦੇ ਗਿਆਨ ਨਾਲ ਮਨੁੱਖੀ ਮਨ ਨੂੰ ਵਿਕਾਰਾਂ ਤੋਂ ਮੋੜ ਕੇ ਉਸ ਇੱਕ ਨਿਰਾਕਾਰ ਦੇ ਨਾਮ ਵਿੱਚ ਲੀਨ ਹੋ ਕੇ ਅਸਲ ਅਨੰਦ ਦੀ ਵਿਆਖਿਆ ਕਰਨਾ ਗੁਰੂ ਨਾਨਕ ਦੇਵ ਜੀ ਦੇ ਹਿੱਸੇ ਆਇਆ ਹੈ। ਭਾਈ ਗੁਰਦਾਸ ਜੀ ਨੇ ਇਸ ਜੀਵਨ ਜੁਗਤ ਨੂੰ 'ਨਾਨਕ ਨਿਰਮਲ ਪੰਥ ਚਲਾਇਆ' ਆਖਿਆ ਹੈ ਅਤੇ ਇਸ ਨੂੰ 'ਨਿਰਾਲਾ ਪੰਥ' ਕਹਿ ਕੇ ਵਡਿਆਇਆ ਹੈ।" (ਪੰਨਾ-47)

ਗੁਰੂ ਨਾਨਕ ਦਾ ਇਹ ਨਿਰਾਲਾ ਪੰਥ ਸਾਰੇ ਧਰਮਾਂ ਤੇ ਮੱਤਾਂ ਦਾ ਸਤਿਕਾਰ ਕਰਦਾ ਹੈ। ਇਸ ਦੇ ਨਾਲ ਹੀ ਇਹ ਪਾਖੰਡ ਅਤੇ ਵਿਖਾਵੇ ਦੀ ਭਰਪੂਰ ਵਿਰੋਧਤਾ ਕਰਦਾ ਹੈ। ਇਸ ਪੰਥ ਦਾ 'ਪਾਂਧੀ' ਇਸ ਵਿੱਚੋਂ "ਦੁਖ ਨਾ ਦੇਈ ਕਿਸੈ ਜੀਅ ਪਾਰਬ੍ਰਹਮ ਚਿਤਾਰੈ" ਦੀ ਲੋਅ ਲੈ ਕੇ "ਵਿਚ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣ ਪਾਈਐ" ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਇਸ ਸੰਸਾਰ ਵਿੱਚ ਆ ਕੇ ਗ੍ਰਹਿਸਤ ਆਸ਼ਰਮ 'ਚ ਵਿਚਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੀ ਤਰਤੀਬ ਅਤੇ ਇਸ ਦੀਆਂ ਸੰਪਾਦਕੀ ਜੁਗਤਾਂ ਦੀ ਗੱਲ ਕਰਦਿਆਂ ਜਸਵਿੰਦਰ ਰੁਪਾਲ ਦੱਸਦਾ ਹੈ ਕਿ ਇਸ ਵਿੱਚ 35 ਬਾਣੀਕਾਰਾਂ ਦੀ ਬਾਣੀ ਸ਼ਾਮਲ ਹੈ ਜਿਨ੍ਹਾਂ ਵਿੱਚ ਛੇ ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 3 ਗੁਰਸਿੱਖ ਸ਼ਾਮਲ ਹਨ। ਇਸ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਬਾਣੀਕਾਰਾਂ ਦੀ ਵਿਚਾਰਧਾਰਾ ਨੂੰ ਸਨਮੁੱਖ ਰੱਖਿਆ ਹੈ। ਬਾਣੀ ਨੂੰ ਵੱਖ-ਵੱਖ ਰਾਗਾਂ ਦੇ ਅਧਾਰ 'ਤੇ ਇਸ ਵਿੱਚ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਗਈ ਹੈ ਅਤੇ ਫਿਰ ਵੱਖ-ਵੱਖ ਭਗਤ ਸਾਹਿਬਾਨ ਤੇ ਗੁਰਸਿੱਖਾਂ ਦੀ। ਰਾਗ-ਮੁਕਤ ਬਾਣੀ ਨੂੰ ਓਸੇ ਹੀ ਕਰਮ ਅਨੁਸਾਰ ਵੱਖਰਾ ਰੱਖਿਆ ਗਿਆ ਹੈ। ਇਸ ਗੁਰਬਾਣੀ ਵਿੱਚ ਬਹੁਤ ਸਾਰੇ ਕਾਵਿ-ਰੂਪ ਵਰਤੇ ਗਏ ਹਨ। ਇਸ ਦੇ ਨਾਲ ਹੀ ਜਸਵਿੰਦਰ ਰੁਪਾਲ ਵੱਲੋਂ ਗੁਰਬਾਣੀ ਦੀ ਵਿਲੱਖਣ ਸ਼ਬਦਾਵਲੀ, ਇਸ ਵਿੱਚ ਸੁਰੇ ਦਾ ਸੰਕਲਪ ਤੇ ਕਰਾਮਾਤ ਦੇ ਸਥਾਨ ਦੀ ਗੱਲ ਬਾਖ਼ੂਬੀ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਗਈ ਜੀਵਨ-ਜਾਚ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ ਕਿ ਇਨਸਾਨ ਇਸ ਦੁਨੀਆਂ ਵਿੱਚ ਆ ਕੇ ਇਸ ਦੇ ਰੰਗ-ਤਮਾਸ਼ਿਆਂ ਵਿੱਚ ਰੁਚਿਤ ਹੋ ਜਾਂਦਾ ਹੈ ਅਤੇ ਉਹ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਭੁੱਲ ਜਾਂਦਾ ਹੈ। ਗੁਰਬਾਣੀ ਉਸ ਨੂੰ ਇਹ ਸਾਰੀ ਕਾਇਨਾਤ 'ਇੱਕ ਨੂਰ' ਤੋਂ ਹੀ ਉਪਜੀ ਹੋਣ ਦਾ ਅਹਿਸਾਸ ਕਰਾਉਂਦੀ ਹੈ। "ਏਕ ਪਿਤਾ ਏਕਸ ਕੇ ਹਮ ਬਾਰਿਕ" ਹੋਣ ਕਰਕੇ ਸਾਰਿਆਂ ਨੂੰ ਭੈਣ-ਭਰਾ ਸਮਝ ਕੇ ਇਨਸਾਨ ਦਾ ਦੂਈ-ਦਵੈਤ, ਭੇਦ-ਭਾਵ, ਈਰਖਾ ਤੇ ਸਾੜਾ ਦੂਰ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਾਂਝੀਵਾਲਤਾ ਦਾ ਇਹ ਸੱਭ ਤੋਂ ਵੱਡਾ ਉਪਦੇਸ਼ ਹੈ ਜੋ ਹੋਰ ਗ੍ਰੰਥਾਂ ਵਿਚ ਉਪਲੱਭਧ ਨਹੀਂ ਹੈ। ਇਸ ਮਹਾਨ ਗ੍ਰੰਥ ਵਿਚ ਭਗਤ ਕਬੀਰ ਦਾ ਇਹ ਸ਼ਬਦ ਇਸ ਦੀ ਹੋਰ ਵਿਆਖਿਆ ਕਰਦਾ ਹੈ :

ਅਵਲਿ ਅਲਾਹ ਨੂਰ ਉਪਾਇਆ ਕੁਦਰਤ ਕੇ ਸੱਭ ਬੰਦੇ॥
ਏਕਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
(ਪ੍ਰਭਾਤੀ, ਕਬੀਰ ਜੀ, ਪੰਨਾ-1349)

ਲੋਕਾਂ ਵਿੱਚ ਇਹ ਆਮ ਧਾਰਨਾ ਬਣ ਚੁੱਕੀ ਹੈ ਕਿ 'ਖਾਲਸਾ' ਸ਼ਬਦ ਗੁਰੂ ਗੋਬਿੰਦ ਸਿੰਘ ਜੀ ਵੱਲੋਂ 30 ਮਾਰਚ 1699 ਦੀ ਇਤਿਹਾਸਕ ਵਿਸਾਖੀ ਵਾਲੇ ਦਿਨ ਅੰਮ੍ਰਿਤ ਸੰਚਾਰ ਕਰਨ ਸਮੇਂ ਪਹਿਲੀ ਵਾਰ ਵਰਤਿਆ ਗਿਆ, ਜਦਕਿ ਇਹ ਪੁਰਾਤਨ ਸਮੇਂ ਤੋਂ ਚੱਲਿਆ ਆ ਰਿਹਾ ਹੈ। ਭਗਤ ਕਬੀਰ ਜੀ ਅਨੁਸਾਰ ਖਾਲਸਾ ਉਹ ਮਨੁੱਖ ਹੈ ਜੋ ਪ੍ਰਭੂ ਭਗਤੀ ਵਿੱਚ ਲੀਨ ਹੈ ਅਤੇ ਅਜਿਹਾ ਵਿਅੱਕਤੀ ਨਿਰਭਉ ਤੇ ਨਿਰਵੈਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ 1699 ਨੂੰ ਵਿਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਨਿਰਭਉ ਤੇ ਨਿਰਵੈਰ ਬਣਾਇਆ ਅਤੇ ਖਾਲਸਾ ਪੰਥ ਦੀ ਨੀਂਹ ਰੱਖੀ। ਪੁਸਤਕ ਦੇ 'ਕਹੋ ਕਬੀਰ ਜਨ ਭਏ ਖਾਲਸੇ' ਵਾਲੇ ਅਧਿਆਇ ਵਿਚ ਜਸਵਿੰਦਰ ਰੁਪਾਲ ਨੇ ਗੁਰਬਾਣੀ ਦੇ ਹਵਾਲੇ ਨਾਲ ਇਹ ਦੱਸਿਆ ਹੈ ਕਿ ਭਗਤ ਕਬੀਰ ਜੀ (1398-1448) ਨੇ ਇਸ ਸ਼ਬਦ 'ਖਾਲਸੇ' ਦੀ ਵਰਤੋਂ ਬਹੁਤ ਸਮਾਂ ਪਹਿਲਾਂ ਪੰਦਰਵੀਂ ਸਦੀ ਵਿਚ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਸੋਰਠਿ 'ਚ ਦਰਜ ਉਨ੍ਹਾਂ ਦਾ ਇਹ ਸ਼ਬਦ ਇਸ ਦੀ ਭਰਪੂਰ ਗਵਾਹੀ ਭਰਦਾ ਹੈ ਜਿਸ ਦੀ ਅਖ਼ੀਰਲੀ ਤੁਕ ਹੈ :

ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਨ ਜਾਨੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-654)

'ਕਮਿਊਨਿਜ਼ਮ ਬਨਾਮ ਗੁਰਮਤਿ' ਅਧਿਆਇ ਵਿੱਚ 'ਕਮਿਊਨਿਜ਼ਮ' ਮਾਰਕਸਵਾਦ ਅਤੇ ਲੈਨਿਨਵਾਦ ਦੇ ਸਿਧਾਂਤਾਂ ਅਨੁਸਾਰ ਉਸਰਿਆ ਹੋਇਆ ਸਮਾਜਿਕ ਤੇ ਰਾਜਨੀਤਿਕ ਪ੍ਰਬੰਧ ਹੈ ਅਤੇ ਇਸ ਵਿੱਚ ਉਚ-ਨੀਚ ਤੇ ਜ਼ਾਤ-ਪਾਤ ਦੇ ਵਿਤਕਰੇ ਦੀ ਗੁੰਜਾਇਸ਼ ਨਹੀਂ ਹੈ। ਸਰਬ-ਸ਼ਕਤੀਮਾਨ ਪ੍ਰਮਾਤਮਾ ਦੀ ਗੱਲ ਕਰਦੀ ਗੁਰਬਾਣੀ ਵੀ ਤਾਂ ਸਮਾਜਿਕ ਨਿਆਂ ਤੇ ਉਚ-ਨੀਚ ਤੇ ਜ਼ਾਤ-ਪਾਤ ਦਾ ਵਿਰੋਧ ਕਰਦੀ ਹੈ ਅਤੇ ਬਰਾਬਰੀ ਦਾ ਸੰਦੇਸ਼ ਦਿੰਦੀ ਹੈ। ਪਰ ਆਪਣੇ ਆਪ ਨੂੰ 'ਕਮਿਊਨਿਸਟ' ਅਖਵਾਉਣ ਵਾਲੇ ਸਾਡੇ ਬਹੁਤ ਸਾਰੇ ਵੀਰ ਆਪਣਾ ਸਾਰਾ ਜ਼ੋਰ ਪ੍ਰਮਾਤਮਾ ਦੀ ਹੋਂਦ ਨੂੰ ਨਿਕਾਰਨ 'ਤੇ ਹੀ ਲਗਾ ਦਿੰਦੇ ਹਨ। ਲੋਕਾਂ ਵਿੱਚ ਵਿਗਿਆਨਕ ਸੋਚ ਲਿਆਉਣੀ ਤੇ ਤਰਕ ਨਾਲ ਗੱਲ ਕਰਨਾ ਮਾੜੀ ਗੱਲ ਨਹੀਂ ਹੈ ਅਤੇ ਗੁਰਮਤਿ ਵੀ ਵਿਗਿਆਨ ਦੇ ਵਿਰੁੱਧ ਨਹੀਂ ਹੈ। ਰੁਪਾਲ ਅਨੁਸਾਰ, "ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਨੇ ਨਾ ਕੇਵਲ ਆਪਣੀ ਗੱਲ ਤਰਕ ਨਾਲ ਕੀਤੀ ਹੈ, ਬਲਕਿ ਗੁਰਮਤਿ ਤਾਂ ਤਰਕ ਦੀ ਥਾਂ 'ਤੇ ਵਿਵੇਕ (ਤਰਕ+ਅਕਲ) ਦੇ ਆਧਾਰਿਤ ਹੈ। ਨਿਰੋਲ ਤਰਕ ਸਿਰਫ਼ ਬਹਿਸਾਂ ਨੂੰ ਸਨਮ ਦਿੰਦਾ ਹੈ।" (ਪੰਨਾ-35)

ਪੁਸਤਕ ਵਿਚ ਸ਼ਾਮਲ ਲੇਖ 'ਨਾਨਕ ਚਿੰਤਨ ਦੇ ਇਨਕਲਾਬੀ ਪਹਿਲੂ', ਨਿਰਭੈ ਯੋਧੇ ਸਨ ਗੁਰੂ ਅਰਜਨ ਦੇਵ ਜੀ', 'ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਦਰਸ਼ਨ ਸ਼ਾਸਤਰ ਦਾ ਆਧੁਨਿਕ ਸਿੱਖਿਆ ਵਿੱਚ ਮਹੱਤਵ', 'ਗੁਰੂ ਗੋਬਿੰਦ ਸਿੰਘ ਜੀ ਦਾ ਦਰਵੇਸ਼ ਰੂਪ' ਅਤੇ 'ਭਗਤ ਰਵੀਦਾਸ ਜੀ ਦਾ ਜੀਵਨ ਤੇ ਬਾਣੀ ਦਾ ਸੰਦੇਸ਼' ਇਨ੍ਹਾਂ ਗੁਰੂ ਸਾਹਿਬਾਨ ਤੇ ਭਗਤ ਰਵੀਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਮਨੁੱਖਤਾ ਨੂੰ ਦਿੱਤੀਆਂ ਗਈਆਂ ਸਿੱਖਿਆਵਾਂ 'ਤੇ ਭਰਪੂਰ ਰੌਸ਼ਨੀ ਪਾਉਂਦੇ ਹਨ। ਇੱਕ ਹੋਰ ਲੇਖ 'ਗੁਰੂ ਨਾਨਕ ਦਾ ਚਿੰਤਨ ਅਤੇ ਡੇਰਾਵਾਦ' ਵਿੱਚ ਭਾਰਤ ਤੇ ਖ਼ਾਸ ਕਰਕੇ ਇਸ ਦੇ ਸੂਬੇ ਪੰਜਾਬ 'ਚ ਫ਼ੈਲੇ ਅਜੋਕੇ ਡੇਰਾਵਾਦ ਤੇ ਬਾਬਾਵਾਦ ਦੀ ਗੱਲ ਬਹੁਤ ਵਧੀਆ ਢੰਗ ਨਾਲ ਕੀਤੀ ਗਈ ਹੈ। 'ਗੁਰੂਡੰਮ' ਦੇ ਰੂਪ ਵਿੱਚ ਇਹ ਰਾਧਾ ਸੁਆਮੀ, ਨਕਲੀ ਨਿਰੰਕਾਰੀ ਤੇ ਨਾਮਧਾਰੀ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਵਿਰੋਧ ਵਿੱਚ ਪ੍ਰਗਟ ਹੁੰਦੇ ਹਨ। ਪ੍ਰਮਾਤਮਾ ਦੇ ਨਿਰਗੁਣ ਸਰੂਪ ਨਾਲੋਂ ਸਰਗੁਣ ਸਰੂਪ ਨੂੰ ਵਧੇਰੇ ਮਹੱਤਤਾ ਦਿੰਦਿਆਂ 'ਬਾਬਾਵਾਦ' ਦੇ ਰੂਪ ਵਿੱਚ ਇਹ ਅਜੋਕੇ ਬਾਬਿਆਂ ਤੇ ਪਖੰਡੀ ਸਾਧਾਂ ਤੇ ਸੰਤਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜੋ ਆਪੋ-ਆਪਣੇ ਡੇਰਿਆਂ ਵਿੱਚ ਗੁਰਬਾਣੀ ਦੀਆਂ ਤੁਕਾਂ ਦੀ ਆਪਣੇ ਹੀ ਹਿਸਾਬ ਨਾਲ ਵਿਆਖਿਆ ਕਰਕੇ ਭੋਲ਼ੇ-ਭਾਲ਼ੇ ਲੋਕਾਂ ਨੂੰ ਆਪਣੇ ਮਗਰ ਲਾ ਲੈਂਦੇ ਹਨ।

ਜਸਵਿੰਦਰ ਰੁਪਾਲ ਇਨ੍ਹਾਂ ਡੇਰਿਆਂ ਅਤੇ ਪਖੰਡੀ ਸਾਧਾਂ-ਸੰਤਾਂ ਦੀਆਂ 'ਵਿਸ਼ੇਸ਼ਤਾਈਆਂ' ਦਾ ਬੜੀ ਖ਼ੂਬਸੂਰਤੀ ਨਾਲ ਜ਼ਿਕਰ ਕਰਦਾ ਹੈ, ਜਦੋਂ ਉਹ ਕਹਿੰਦਾ ਹੈ, "ਇਹ ਸੰਪਟ-ਪਾਠ, ਇਕੋਤਰੀਆਂ, 21, 51, 101 ਪਾਠਾਂ ਦੀਆਂ ਲੜੀਆਂ ਕਰਦੇ/ਕਰਵਾਉਂਦੇ ਹਨ। ਆਪਣੇ ਪਾਠਾਂ ਦੌਰਾਨ ਇਹ ਧੂਫ਼ਾਂ, ਕੁੰਭ, ਜੋਤ, ਨਾਰੀਅਲ, ਆਦਿ ਦੀ ਵਰਤੋਂ ਜ਼ਰੂਰੀ ਸਮਝਦੇ ਹਨ। ਆਪਣੇ ਨਾਵਾਂ ਦੇ ਨਾਲ ਇਹ 'ਸੰਤ', ਗਿਆਨੀ', 'ਬ੍ਰਹਮ ਗਿਆਨੀ' ਆਦਿ ਸ਼ਬਦਾਂ ਦੀ ਵਰਤੋਂ ਕਰਦੇ ਹਨ ਅਤੇ ਆਪਣੇ ਸ਼ਰਧਾਲੂਆਂ ਤੇ ਚੇਲਿਆਂ ਤੋਂ ਕਰਵਾਉਂਦੇ ਹਨ। ਇਨ੍ਹਾਂ ਦੇ ਹਰੇਕ ਡੇਰੇ ਦੀ ਮਰਿਆਦਾ ਵੱਖੋ-ਵੱਖਰੀ ਹੈ ਅਤੇ ਇਨ੍ਹਾਂ ਦਾ ਲਿਬਾਸ ਵੀ ਵੱਖਰਾ ਹੈ। ਇਨ੍ਹਾਂ ਵਿੱਚੋਂ ਕਈ ਗੋਲ਼ ਪੱਗ ਬੰਨ੍ਹਦੇ ਹਨ, ਲੰਮੇਂ ਸਫ਼ੈਦ ਚੋਲ਼ੇ ਪਾਉਂਦੇ ਹਨ, ਜੁੱਤੀ ਦੀ ਥਾਂ ਪੈਰੀਂ ਖੜਾਵਾਂ ਪਾਉਂਦੇ ਹਨ ਤੇ ਹੱਥ ਵਿੱਚ ਸਿਮਰਨਾ ਰੱਖਦੇ ਹਨ ਅਤੇ ਆਪਣਾ 'ਨਾਮ' (ਕੁਝ ਸ਼ਬਦਾਂ ਦਾ ਸਮੂਹ) ਦਿੰਦੇ ਹਨ ਜੋ ਇਹ ਲੋਕਾਂ ਦੇ ਕੰਨਾਂ ਵਿੱਚ ਦੱਸਦੇ ਹਨ ਤੇ ਉਹ ਉਨ੍ਹਾਂ ਵੱਲੋਂ ਗੁਪਤ ਰੱਖਿਆ ਜਾਂਦਾ ਹੈ, ਵਗ਼ੈਰਾ, ਵਗ਼ੈਰਾ। (ਪੰਨਾ 152-154)

208 ਪੰਨਿਆਂ ਵਿੱਚ ਫ਼ੈਲੀ ਇਸ ਪੁਸਤਕ ਦੇ 30 ਲੇਖਾਂ ਬਾਰੇ ਇਸ ਛੋਟੇ ਜਿਹੇ ਆਰਟੀਕਲ ਵਿੱਚ ਗੱਲ ਕਰਨੀ ਬਹੁਤ ਮੁਸ਼ਕਲ ਹੈ। ਇਸ ਦੇ ਕੁਝ ਲੇਖਾਂ ਨੂੰ ਆਧਾਰ ਬਣਾ ਕੇ ਸੰਖੇਪ ਰੂਪ ਵਿੱਚ ਹੀ ਚਰਚਾ ਕੀਤੀ ਗਈ ਹੈ। ਇਸ ਦੇ ਬਾਰੇ ਪੂਰੀ ਜਾਣਕਾਰੀ ਤਾਂ ਪੁਸਤਕ ਪੜ੍ਹ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੇਰੀ ਜਾਚੇ ਗੁਰਮਤਿ ਬਾਰੇ ਵਿਚਾਰ ਸਾਂਝੇ ਕਰਨ ਦਾ ਜਸਵਿੰਦਰ ਸਿੰਘ ਰੁਪਾਲ ਵੱਲੋਂ ਇਹ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਸਧਾਰਨ ਵਿਅੱਕਤੀ ਜਿਸ ਦੀ ਗੁਰਬਾਣੀ ਤੇ ਗੁਰਮਤਿ ਬਾਰੇ ਅਜੇ ਓਨੀ ਸਮਝ ਨਹੀਂ ਬਣੀ, ਇਸ ਪੁਸਤਕ ਵਿੱਚੋਂ ਇਸ ਦੀ ਸੋਝੀ ਦੀ ਝਲਕ ਬਾਖ਼ੂਬੀ ਪ੍ਰਾਪਤ ਕਰ ਸਕਦਾ ਹੈ। ਘੱਟੋ-ਘੱਟ ਆਪਣੇ ਬਾਰੇ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ਮੈਨੂੰ ਇਹ ਪੁਸਤਕ ਪੜ੍ਹ ਕੇ ਕਾਫ਼ੀ ਕੁਝ ਸਮਝ ਆਇਆ ਹੈ। ਜਸਵਿੰਦਰ ਰੁਪਾਲ ਨੂੰ ਇਹ ਪੁਸਤਕ ਲਿਆਉਣ 'ਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਇਸ ਦੇ ਨਾਲ ਹੀ ਮੈਂ ਪੰਜਾਬੀ ਪਾਠਕਾਂ ਨੂੰ ਇਸ ਨੂੰ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਵੀ ਕਰਦਾ ਹਾਂ।



ਸਮੀਖਿਆਕਾਰ ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128

# ਭਾਰਤ 'ਚ ਬੇਰੁਜਗਾਰੀ ਦੇ ਭਿਅੰਕਰ ਹਲਾਤ??

ਕੌਮਾਂਤਰੀ ਕਿਰਤ ਜਥੇਬੰਦੀ' ਨੇ 'ਮਨੁੱਖੀ ਵਿਕਾਸ ਸੰਸਥਾ' ਦੇ ਸਹਿਯੋਗ ਨਾਲ਼ 'ਭਾਰਤ ਰੁਜਗਾਰ ਰਿਪੋਰਟ-2024' ਜਾਰੀ ਕੀਤੀ ਹੈ। ਇਸ ਰਿਪੋਰਟ ਵਿੱਚ ਬੇਰੁਜਗਾਰੀ ਸਬੰਧੀ ਤੇ ਖਾਸ ਤੌਰ 'ਤੇ ਨੌਜਵਾਨਾਂ 'ਚ ਬੇਰੁਜਗਾਰੀ ਸਬੰਧੀ ਜੋ ਤੱਥ ਨਸ਼ਰ ਕੀਤੇ ਗਏ ਹਨ ਉਹ ਇੱਕ ਵਾਰ ਫਿਰ ਮੋਦੀ ਹਕੂਮਤ ਦੁਆਰਾ 2 ਕਰੋੜ ਰੁਜਗਾਰ ਹਰ ਸਾਲ ਪੈਦਾ ਕਰਨ ਦੇ ਵਾਅਦਿਆਂ ਦਾ ਜਲੂਸ ਕੱਢ ਰਹੇ ਹਨ।




ਭਾਰਤ ਵਿੱਚ ਬੇਰੁਜਗਾਰੀ ਇਸ ਵੇਲ਼ੇ 45 ਸਾਲਾਂ 'ਚ ਸਭ ਤੋਂ ਵੱਧ ਹੈ। ਉਪਰੋਕਤ ਤਾਜਾ ਰਿਪੋਰਟ ਅਨੁਸਾਰ ਭਾਰਤ ਦੇ ਕੁੱਲ ਬੇਰੁਜਗਾਰਾਂ 'ਚ 83 ਫੀਸਦੀ ਹਿੱਸਾ ਨੌਜਵਾਨਾਂ ਦਾ ਹੈ। ਹਰ ਸਾਲ ਭਾਰਤ ਦੀ ਕਿਰਤ ਮੰਡੀ ਵਿੱਚ 70-80 ਲੱਖ ਨੌਜਵਾਨ ਸ਼ਾਮਲ ਹੁੰਦੇ ਹਨ। ਜੇ ਬੇਰੁਜਗਾਰੀ ਦਰ ਦੀ ਗੱਲ ਕਰੀਏ ਤਾਂ ਸਾਲ 2000 ਵਿੱਚ ਨੌਜਵਾਨਾਂ ਵਿੱਚ ਬੇਰੁਜਗਾਰੀ ਦਰ 5.7 ਫੀਸਦੀ ਸੀ ਜੋ ਕਿ 2022 ਵਿੱਚ 12.1 ਫੀਸਦੀ ਹੋ ਗਈ ਤੇ ਇਸਨੇ 2019 ਵਿੱਚ 17.5 ਫੀਸਦੀ ਦੀ ਸਿਖਰ ਨੂੰ ਵੀ ਛੋਹਿਆ। ਜੇ ਪੜ੍ਹੇ-ਲਿਖੇ ਨੌਜਵਾਨਾਂ ਦੀ ਗੱਲ ਕਰਨੀ ਹੋਵੇ ਤਾਂ ਬਾਰ੍ਹਵੀ ਜਾਂ ਇਸ ਤੋਂ ਉੱਪਰ ਦੀ ਸਿੱਖਿਆ ਪ੍ਰਾਪਤ ਨੌਜਵਾਨਾਂ 'ਚ ਬੇਰੁਜਗਾਰੀ ਦਰ ਸਭ ਤੋਂ ਵੱਧ ਹੈ। ਸਾਲ 2000 ਵਿੱਚ ਪੜ੍ਹੇ-ਲਿਖੇ (12ਵੀ ਤੋਂ ਉੱਪਰ) ਨੌਜਵਾਨਾਂ 'ਚ ਬੇਰੁਜਗਾਰੀ ਦਰ 35.7 ਫੀਸਦੀ ਸੀ ਜੋ 2022 ਵਿੱਚ ਵਧਕੇ 65.7 ਫੀਸਦੀ ਹੋ ਗਈ।

ਨਾ ਸਿਰਫ ਉਪਰੋਕਤ ਰਿਪੋਰਟ ਸਗੋਂ ਸਮੇਂ-ਸਮੇਂ 'ਤੇ ਸੂਬਾ ਤੇ ਯੂਨੀਅਨ ਸਰਕਾਰ ਵੱਲੋਂ ਸਰਕਾਰੀ ਅਦਾਰਿਆਂ ਲਈ ਕੱਢੀਆਂ ਜਾਂਦੀਆਂ ਅਸਾਮੀਆਂ ਲਈ ਭਰੇ ਜਾਂਦੇ ਫਾਰਮਾਂ ਦੀ ਗਿਣਤੀ ਤੋਂ ਹੀ ਭਾਰਤ ਵਿੱਚ ਨੌਜਵਾਨਾਂ ਤੇ ਖਾਸ ਕਰਕੇ ਪੜ੍ਹੇ-ਲਿਖੇ ਨੌਜਵਾਨਾਂ 'ਚ ਬੇਰੁਜਗਾਰੀ ਦੀ ਭਿਅੰਕਰ ਹਾਲਤ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਕੁੱਝ ਹਜਾਰ ਅਸਾਮੀਆਂ ਲਈ ਲੱਖਾਂ ਨੌਜਵਾਨਾਂ ਦੁਆਰਾ ਫਾਰਮ ਭਰੇ ਜਾਂਦੇ ਹਨ। ਅਕਸਰ ਨੌਜਵਾਨਾਂ ਦੀ ਯੋਗਤਾ ਇਹਨਾਂ ਅਸਾਮੀਆਂ ਲਈ ਲੋੜੀਂਦੀ ਯੋਗਤਾ ਤੋਂ ਕਿਤੇ ਵੱਧ ਹੁੰਦੀ ਹੈ। ਉਦਾਹਰਣ ਵਜੋਂ ਇਸੇ ਸਾਲ ਜਨਵਰੀ ਮਹੀਨੇ ਉੱਤਰ ਪ੍ਰਦੇਸ਼ 'ਚ ਚਪੜਾਸੀ ਦੀਆਂ 60 ਅਸਾਮੀਆਂ ਲਈ 93,000 ਨੌਜਵਾਨਾਂ ਨੇ ਫਾਰਮ ਭਰੇ ਜਿਹਨਾਂ ਵਿੱਚ 3700 ਪੀਐਚਡੀ, 5000 ਗ੍ਰੈਜੂਏਟ, 28,000 ਪੋਸਟ ਗ੍ਰੈਜੂਏਟ ਨੇ ਫਾਰਮ ਭਰੇ ਸਨ। ਮੋਦੀ ਦੇ ਗੁਜਰਾਤ ਮਾਡਲ ਦੀ ਗੱਲ ਕਰੀਏ ਤਾਂ ਜੂਨ 2022 ਵਿੱਚ ਸਿਰਫ 3400 ਅਸਾਮੀਆਂ ਲਈ 17 ਲੱਖ ਪੜ੍ਹੇ-ਲਿਖੇ ਡਿਗਰੀਆਂ ਪ੍ਰਾਪਤ ਨੌਜਵਾਨਾ ਨੇ ਫਾਰਮ ਭਰੇ ਜਿਸ ਲਈ ਸਿਰਫ 10ਵੀਂ ਪਾਸ ਦੀ ਯੋਗਤਾ ਲੋੜੀਂਦੀ ਸੀ।

ਯੂਨੀਅਨ ਸਰਕਾਰ ਦੇ ਅਦਾਰਿਆਂ 'ਚ ਲੱਗਭੱਗ 24% ਅਸਾਮੀਆਂ ਖਾਲ਼ੀ ਪਈਆਂ ਹਨ। ਇਹ ਉਹ ਅਸਾਮੀਆਂ ਹਨ ਜੋ ਯੂਨੀਅਨ ਸਰਕਾਰ ਦੁਆਰਾ ਪਹਿਲਾਂ ਹੀ ਮਨਜੂਰ ਕੀਤੀਆਂ ਜਾ ਚੁੱਕੀਆਂ ਹਨ ਪਰ ਹਾਲੇ ਤੱਕ ਭਰੀਆਂ ਨਹੀਂ ਗਈਆਂ। ਸਗੋਂ 2014 ਤੋਂ ਇਹ ਖਾਲੀ ਅਸਾਮੀਆਂ ਲਗਾਤਾਰ ਵਧ ਰਹੀਆਂ ਹਨ। 2014 ਵਿੱਚ ਇਹਨਾਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ 4,21,658 (ਕੁੱਲ ਦਾ 11.57%) ਸੀ ਜੋ 2018 ਵਿੱਚ 6,83,823 (ਕੁੱਲ ਦਾ 17.98%) ਹੋ ਗਈਆਂ ਤੇ 2022 ਵਿੱਚ 9,83,028। ਇਸ ਤੋਂ ਇਲਾਵਾ ਜੇ ਸੂਬਾ ਸਰਕਾਰ ਦੇ ਵੱਖ-ਵੱਖ ਅਦਾਰਿਆਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਜੋੜ ਲਿਆ ਜਾਵੇ ਤਾਂ ਸਰਕਾਰੀ ਖੇਤਰ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ 60 ਲੱਖ ਤੋਂ ਉੱਪਰ ਪਹੁੰਚ ਜਾਵੇਗੀ। ਜਨਤਕ ਖੇਤਰ ਨੂੰ ਸੁਚਾਰੂ ਰੂਪ 'ਚ ਚਲਾਉਣ ਲਈ ਨਵੀਆਂ ਅਸਾਮੀਆਂ ਜਾਰੀ ਕਰਨੀਆਂ ਤਾਂ ਦੂਰ ਦੀ ਗੱਲ ਸਗੋਂ ਉਲਟਾ ਯੂਨੀਅਨ ਤੇ ਸੂਬਾ ਸਰਕਾਰਾਂ ਪਹਿਲਾਂ ਹੀ ਖਾਲੀ ਪਈਆਂ ਅਸਾਮੀਆਂ ਨੂੰ ਵੀ ਨਹੀਂ ਭਰ ਰਹੀਆਂ। ਸਰਕਾਰ ਦੇ ਪਿਛਲੇ 10 ਸਾਲਾਂ ਦੌਰਾਨ ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਧੜੱਲੇ ਨਾਲ਼ ਲਾਗੂ ਕੀਤਾ ਜਾ ਰਿਹਾ ਹੈ, ਲਗਾਤਾਰ ਜਨਤਕ ਅਦਾਰਿਆਂ ਦਾ ਭੋਗ ਪਾਇਆ ਜਾ ਰਿਹਾ ਹੈ ਤੇ ਇਹਨਾਂ ਨੂੰ ਕੌਡੀਆਂ ਦੇ ਭਾਅ ਸਰਮਾਏਦਾਰਾਂ ਹਵਾਲੇ ਕੀਤਾ ਜਾ ਰਿਹਾ ਹੈ।

ਭਾਰਤ ਦੀ 141 ਕਰੋੜ ਅਬਾਦੀ ਵਿੱਚੋ ਲੱਗਭੱਗ ਅੱਧੀ ਅਬਾਦੀ ਦੀ ਉਮਰ 25 ਸਾਲ ਤੋਂ ਘੱਟ ਹੈ ਅਤੇ ਲੱਗਭੱਗ ਦੋ-ਤਿਹਾਈ ਦੀ ਉਮਰ 35 ਸਾਲ ਤੋਂ ਘੱਟ ਹੈ। ਭਾਰਤ ਦੀ ਅਬਾਦੀ ਦੇ ਏਨੇ ਵੱਡੇ ਹਿੱਸੇ ਦਾ ਨੌਜਵਾਨ ਹੋਣ ਦਾ ਅਰਥ ਹੈ ਕਿ ਭਾਰਤ ਨੌਜਵਾਨਾਂ ਦਾ ਦੇਸ਼ ਹੈ। ਨੌਜਵਾਨੀ ਜਿਸਨੂੰ ਊਰਜਾ ਦਾ ਅਥਾਹ ਸੋਮਾ ਸਮਝਿਆ ਜਾਂਦਾ ਹੈ। ਜਿਵੇਂ ਕਿ ਹਿੰਦੀ ਦੇ ਪ੍ਰਸਿੱਧ ਕਵੀ ਮੁਕਤੀ ਬੋਧ ਨੇ ਆਪਣੇ ਲੇਖ 'ਨੌਜਵਾਨ ਦਾ ਰਾਹ' ਵਿੱਚ ਲਿਖਿਆ ਹੈ ਕਿ, "ਜੇ ਨੌਜਵਾਨੀ ਦੀ ਤਾਕਤ ਨੂੰ, ਗਿਆਨ ਅਤੇ ਬੁੱਧੀ ਤੇ ਕਰਮ ਨਿਸ਼ਚਤਾ ਦੀ ਬਿਜਲੀ ਵਿੱਚ ਬਦਲਦੇ ਹੋਏ ਦੇਸ਼ ਉਸਾਰੀ ਮਤਲਬ ਕਿ ਮਨੁੱਖੀ ਉਸਾਰੀ ਦੀ ਉੱਚੀ ਤੋਂ ਉੱਚੀ ਮੰਜਿਲ ਤੱਕ ਪਹੁੰਚਾਇਆ ਜਾ ਸਕਦਾ ਹੈ ਤਾਂ ਬੰਜਰ ਜਿੰਦਗੀ ਵਿੱਚ ਇਸ਼ਕ ਅਤੇ ਇਨਕਲਾਬ ਦੀ ਰੂਹਾਨੀਅਤ ਦੀ ਫਸਲ ਖੜ੍ਹੀ ਕੀਤੀ ਜਾ ਸਕਦੀ ਹੈ।" ਪਰ ਭਾਰਤ ਦੀ ਹਕੀਕਤ ਇਹ ਹੈ ਕਿ ਐਥੇ ਨੌਜਵਾਨੀ ਰੁਜਗਾਰ ਲਈ ਦਰ-ਦਰ ਦੇ ਧੱਕੇ ਖਾ ਰਹੀ ਹੈ। ਜੇ ਮੁਕਤੀਬੋਧ ਦੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਮੌਜੂਦਾ ਸਰਮਾਏਦਾਰਾ ਆਰਥਿਕ ਢਾਂਚੇ ਕੋਲ਼ ਉਹ ਬਿਜਲੀਘਰ ਹੀ ਨਹੀਂ ਹੈ ਜਿਸ ਰਾਹੀਂ ਨੌਜਵਾਨੀ ਦੀ ਇਸ ਊਰਜਾ ਨੂੰ ਮਨੁੱਖੀ ਉਸਾਰੀ ਵਿੱਚ ਲਾਇਆ ਜਾ ਸਕੇ।

ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕਰਨ ਵਾਲ਼ੀ ਸਰਕਾਰ ਹੁਣ ਕਹਿ ਰਹੀ ਹੈ ਕਿ ਬੇਰੁਜਗਾਰੀ ਦਾ ਹੱਲ ਸਰਕਾਰ ਨਹੀਂ ਕਰ ਸਕਦੀ। ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਵੀ. ਅਨੰਥਾ ਨਾਗੇਸ਼ਵਰਨ ਨੇ ਬੇਰੁਜਗਾਰੀ ਸਬੰਧੀ ਉਪਰੋਕਤ ਰਿਪੋਰਟ ਦੇ ਜਵਾਬ ਵਿੱਚ ਕਿਹਾ ਕਿ, "ਸਰਕਾਰ ਇਹ ਗੱਲ ਕਰ ਸਕਦੀ ਹੈ ਕਿ ਬੇਰੁਜਗਾਰੀ ਦੀ ਸਮੱਸਿਆ ਹੈ, ਪਰ ਇਸਦਾ ਹੱਲ ਨਹੀਂ ਕਰ ਸਕਦੀ। ਇਸਦੇ ਹੱਲ ਲਈ ਨਿੱਜੀ ਖੇਤਰ ਨੂੰ ਹੋਰ ਰੁਜਗਾਰ ਮੁਹੱਈਆ ਕਰਵਾਉਣਾ ਚਾਹੀਦਾ ਹੈ।" ਮਤਲਬ ਮੋਦੀ ਸਰਕਾਰ ਦਾ ਸਾਫ ਕਹਿਣਾ ਹੈ ਕਿ ਅਸੀਂ ਨਾਗਰਿਕਾਂ ਨੂੰ ਨਾ ਤਾਂ ਸਿਹਤ ਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਸਕਦੇ ਹਾਂ ਅਤੇ ਨਾ ਹੀ ਯੋਗਤਾ ਅਨੁਸਾਰ ਪੱਕਾ ਰੁਜਗਾਰ। ਸਰਕਾਰ ਜੋ ਕਰ ਸਕਦੀ ਹੈ ਤੇ ਕਰ ਰਹੀ ਹੈ ਉਹ ਇਹ ਹੈ ਕਿ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਬੇਰੁਜਗਾਰਾਂ ਦੀ ਅਥਾਹ ਫੌਜ ਦੀ ਨਿਗੂਣੀਆਂ ਉਜਰਤਾਂ 'ਤੇ ਭਿਅੰਕਰ ਲੁੱਟ ਕਰਨ, ਇਸ ਨੌਜਵਾਨੀ ਨੂੰ ਮੁਨਾਫੇ ਲਈ ਨਿਚੋੜਨ ਤੇ ਫਿਰ ਦੁੱਧ 'ਚੋਂ ਮੱਖੀ ਵਾਂਗ ਬਾਹਰ ਸੁੱਟ ਦੇਣ ਲਈ ਖੁੱਲੇ ਹੱਥ ਦੇਣਾ।

ਪਰ ਜਿਵੇਂ ਕਿ ਮੁਕਤੀਬੋਧ ਨੇ ਕਿਹਾ ਸੀ, "ਜਿਹੜਾ ਸਮਾਜ ਅਤੇ ਜਿਹੜਾ ਰਾਜ ਨੌਜਵਾਨਾਂ ਨੂੰ ਲਗਾਤਾਰ ਤਰੱਕੀਸ਼ੀਲ ਕਿੱਤਾ ਨਹੀਂ ਦੇ ਸਕਦਾ, ਉਹ ਰਾਜ ਅਤੇ ਉਹ ਸਮਾਜ ਟਿਕ ਨਹੀਂ ਸਕਦਾ। ਇਤਿਹਾਸ ਦੇ ਵਿਸ਼ਾਲ ਹੱਥ ਇਸ ਵੇਲ਼ੇ ਉਸਦੀ ਕਬਰ ਪੁੱਟਣ ਲਈ ਬਹੁਤ ਵੱਡਾ ਟੋਆ ਤਿਆਰ ਕਰ ਰਹੇ ਹਨ।

ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜਕਰਤਾ,
ਧੂਰਕੋਟ (ਮੋਗਾ) 88472-27740

ਭਾਗ-19

# ਜੈਲਦਾਰ ਸੂਬਾ ਸਿੰਘ...



ਸਾਰੇ ਸਕੇ ਸਬੰਧੀ ਫੁੱਲਾਂ ਵਾਲੇ ਦਿਨ ਜੈਲਦਾਰ ਦੇ ਘਰ ਇਕੱਠੇ ਹੋ ਜਾਂਦੇ। ਸਾਰੇ ਜੈਲਦਾਰ ਦਾ ਅੰਗੀਠਾ ਸੰਭਾਲਣ ਲਈ ਘਰੋਂ ਸਮਸਾਨ ਘਰ ਵੱਲ ਚੱਲ ਪਏ। ਨਸੀਬੋ ਦੇ ਪੇਕੇ ਵੀ ਆ ਗਏ ਸਨ। ਸਾਰੀਆਂ ਰਸਮਾਂ ਪੂਰੀਆਂ ਕਰਨ ਬਾਅਦ ਘਰੇ ਪਾਠ ਰਖਾਂ ਦਿੱਤਾ ਗਿਆ। ਦੁਪਹਿਰ ਵੇਲੇ ਸੇਠ ਵੀ ਆਪਣੇ ਭਰਾ ਨਾਲ ਪਹੁੰਚ ਗਿਆ। ਉਸ ਸਮੇਂ ਘਰ ਵਿੱਚ ਸਰਪੰਚ, ਮੈਂਬਰ ਪੰਚਾਇਤ, ਦੋਵੇਂ ਮਾਮੇ, ਮਹਿੰਦਰ, ਕਰਮਜੀਤ , ਅਮਰ ਸਿੰਘ ਅਤੇ ਹੋਰ ਪਤਵੰਤੇ ਬੰਦੇ ਬੈਠੇ ਹੁੰਦੇ ਹਨ।

ਸੇਠ ਨੂੰ ਵੇਖਕੇ ਪਾਲੋ ਆਪ ਹੀ ਬੀਬੀਆਂ ਵਾਲੇ ਪਾਸਿਓ ਉੱਠ ਕੇ ਆ ਜਾਂਦੀ ਹੈ।

* ਹਾਂ ਜੀ ਸੇਠ ਜੀ ਕੱਢੋ ਵਹੀ ਖਾਤਾ ਤੇ ਦੱਸੋ ਕਿੰਨੇ ਪੈਸੇ ਦੇਣੇ ਨੇ ਮੇਰੇ ਬਾਪੂ ਜੀ ਨੇ ਤੁਹਾਡਾ ਕਰਜ਼ਾ..... ।*ਗੱਲਾਂ ਕਰਦੀ ਪਾਲੋ ਆਪਣੇ ਸਰਦਾਰ ਤੋ ਚੈੱਕ ਬੁੱਕ ਫੜਕੇ ਸੇਠ ਦੇ ਮੂਹਰੇ ਰੱਖ ਦਿੰਦੀ ਹੈ। ਪਰ ਅੱਜ ਸੇਠ ਦੀ ਗੱਲਬਾਤ ਕਰਨ ਦਾ ਤਰੀਕਾ ਵੇਖ ਸਾਰੇ ਹੀ ਹੈਰਾਨ ਸਨ। ਸਸਕਾਰ ਵਾਲੇ ਦਿਨ ਤਾਂ ਨਿਰੀ ਅੱਗ ਬਣਿਆ ਸੀ ਤੇ ਅੱਜ ਤਾਂ ਠੰਡੀ ਸ਼ੀਤ ਬਰਫ਼.... ਸਾਰੇ ਹੀ ਸੇਠ ਨੂੰ ਦੇਖ ਰਹੇ ਸਨ।

*ਹਾਂ ਜੀ ਬੋਲਦੇ ਕਿਉ ਨਹੀਂ ਸੇਠ ਜੀ....?*ਉਸ ਦਿਨ ਤਾਂ ਤੁਸੀ ਰਾਹ ਰੋਕ ਕੇ ਖੜ੍ਹ ਗਏ ਸੀ ਹੁਣ ਹਿਸਾਬ ਨਹੀਂ ਕਰਦੇ ਪਏ..... ਕਿਤੇ ਗਲਤੀ ਨਾਲ ਵਹੀ ਖਾਤਾ ਕਿਸੇ ਹੋਰ ਦਾ ਤਾਂ ਨਹੀਂ ਲੈ ਆਏ। *ਪਾਲੋ ਦਾ ਘਰਵਾਲਾ ਸੇਠ ਨੂੰ ਆਖਦਾ ਹੋਇਆਂ ਪਾਲੋ ਦੇ ਬਰਾਬਰ ਆ ਖੜ੍ਹਾ ਹੁੰਦਾ ਹੈ। ਸੇਠ ਨੇ ਲੰਮਾ ਸਾਹ ਲੈ ਕੇ ਹੌਲੀ ਜਿਹੇ ਗੱਲ ਸ਼ੁਰੂ ਕੀਤੀ,*ਪਹਿਲਾਂ ਤਾਂ ਮੈਂ ਜੀ ਉਸ ਦਿਨ ਲਈ ਸਾਰਿਆਂ ਤੋਂ ਹੀ ਹੱਥ ਜੋੜ ਕੇ ਮੁਆਫ਼ੀ ਮੰਗਦਾ ਹਾਂ ਜੀ.......... ਮੇਰਾ ਦਿਲ ਤਾਂ ਨਹੀਂ ਸੀ ਅਜਿਹਾ ਕਰਨ ਦਾ ਪਰ ਕੀ ਕਰਾਂ ਜੀ ਮਜ਼ਬੂਰ ਸੀ।

ਪਾਲੋ ਨੇ ਵਿਚਾਲਿਉ ਹੀ ਟੋਕ ਕੇ ਕਿਹਾ, *ਛੱਡ ਸੇਠਾ ਹੁਣ ਇਹਨਾਂ ਗੱਲਾਂ ਵਿੱਚ ਕੀ ਪਿਆ ਹੈ ਤੂੰ ਹਿਸਾਬ ਕਰ ਤੇ ਇੱਥੋ ਤੁਰਦਾ ਬਣ, ਸਾਡੇ ਬਾਪੂ ਜੀ ਦੀ ਜਿੰਨੀ ਕੁ ਨੇੜਤਾ ਸੀ। ਉਹ ਤੂੰ ਪਹਿਲਾਂ ਹੀ ਦਿਖਾ ਚੁੱਕਾ ਹੈ। ਤੇਰੀਆਂ ਇਨ੍ਹਾਂ ਗੱਲਾਂ ਦਾ ਸਾਡੇ ਤੇ ਕੋਈ ਅਸਰ ਨਹੀਂ ਹੈ... ਤੂੰ..... ਤੂੰ ਸਾਡੀ ਮਿੱਟੀ ਪਲੀਤ ਕਰਨ ਵਿੱਚ ਉਸ ਦਿਨ ਕੋਈ ਕਸਰ ਨਹੀਂ ਛੱਡੀ.... ਬਾਕੀ ਦੀਆਂ ਗੱਲਾਂ ਛੱਡ ਤੇ ਹਿਸਾਬ ਰੱਖ ਸਾਹਮਣੇ ਤੇ ਆਂਵਦੇ ਬਣਦੇ ਪੈਸੇ ਚੱਕ.... ਮੈਨੂੰ ਬਹੁਤੀਆਂ ਗੱਲਾਂ ਨਹੀਂ ਆਉਂਦੀਆਂ... ਨਾਲੇ ਬਾਬਾ ਘਰੇ ਰੱਖਿਆ ਹੈ ਅਸੀ ਬਾਬੇ ਦੀ ਸੇਵਾ ਵੀ ਕਰਨੀ ਹੈ ਬਿਨਾਂ ਕਿਸੇ ਰੌਲੇ ਦੇ।* ਪਾਲੋ ਉਸ ਦਿਨ ਦਾ ਆਪਣਾ ਗੁੱਸਾ ਸੇਠ ਤੇ ਕੱਢ ਦਿੰਦੀ ਹੈ।

*ਬੀਬੀ ਤੁਸੀਂ ਮੇਰੀ ਪਹਿਲਾਂ ਸਾਰੀ ਗੱਲ ਆਰਾਮ ਨਾਲ ਸੁਣ ਲਉ, ਫੇਰ ਤੇਰਾ ਜਿੰਨਾ ਜੀ ਕਰੇ ਗੁੱਸੇ ਹੋ ਲੈਣਾ।*

*ਨਾ ਭਾਈ ਅਸੀ ਕਿਉ ਗੁੱਸੇ ਹੋਣਾ ਹੈ, ਤੂੰ ਲੈਣ ਦਾਰ ਹੈ ਤੇ ਅਸੀ ਦੇਣਦਾਰ...... ਅਸੀ ਤੇਰਾ ਸਾਰਾ ਕਰਜ਼ਾ ਹੱਸ ਕੇ ਦੇਵਾਂਗੇ।*(ਇੰਨੀਆਂ ਗੱਲਾਂ ਸੁਣ ਮਹਿੰਦਰ ਚੁੱਪਚਾਪ ਘਰੋ ਬਾਹਰ ਨਿਕਲਣ ਲੱਗਾ ਹੀ ਸੀ ਕਿ ਸੇਠ ਨੇ ਉਸਨੂੰ ਬਾਹਰ ਜਾਣ ਤੋਂ ਰੋਕ ਲਿਆ )

*ਮਹਿੰਦਰ ਸਿੰਘ ਜੀ ਤੁਸੀ ਵੀ ਮੇਰਾ ਸਾਰੀ ਗੱਲ ਸੁਣ ਕੇ ਹੀ ਜਾਣਾ।*

*ਸੇਠ ਜੀ ਮੈਂ ਕੀ ਸੁਨਣਾ ਹੈ...... ਇਹ ਦੇਣ ਵਾਲੇ ਤੁਸੀ ਲੈਣ ਵਾਲੇ, ਮੈ ਵਿੱਚ ਕੌਣ ਹੁੰਦਾ ਹਾਂ।*

* ਨਹੀ ਕਾਕਾ ਤੈਨੂੰ ਮੇਰੀ ਸਾਰੀ ਗੱਲ ਸੁਣ ਕੇ ਹੀ ਜਾਣੀ ਪੈਣੀ ਹੈ। *

*ਸੇਠ ਜੀ ਹਿਸਾਬ ਕਰੋ ਤੇ ਜਾਉ ਸਾਨੂੰ ਹੋਰ ਵੀ ਬਥੇਰੇ ਕੰਮ ਨੇ......।*

*ਠੀਕ ਹੈ ਪਾਲੋ ਭੈਣ.....ਪਹਿਲਾਂ ਤਾਂ ਇੱਕ ਵਾਰ ਫਿਰ ਮੈਂ ਆਪ ਸਭ ਤੋ ਹੱਥ ਜੋੜ ਕੇ ਮੁਆਫ਼ੀ ਮੰਗਦਾ ਹਾਂ, ਮੇਰੀ ਗੱਲ ਸੁਣ ਕੇ ਤੁਹਾਨੂੰ ਮੇਰੀ ਮਜਬੂਰੀ ਦਾ ਪਤਾ ਲੱਗ ਜਾਵੇਗਾ।*

*ਤੂੰ ਯਾਰ ਅੱਗੇ ਵੀ ਗੱਲ ਕਰੇਗਾ ਜਾਂ ਸਫ਼ਾਈਆਂ ਹੀ ਪੇਸ਼ ਕਰੀ ਜਾਵੇਗਾ....*ਸਰਪੰਚ ਖਿੱਝ ਕੇ ਬੋਲਿਆ।

* ਸਾਡੇ ਲਈ ਵਾਰਸ ਦੇ ਬਾਰੇ ਵਿੱਚ ਜਾਨਣਾ ਬਹੁਤ ਜਰੂਰੀ ਸੀ ਜੀ.............ਕਿਉਂਕਿ ਅਸੀ ਜੈਲਦਾਰ ਦੀ ਅਮਾਨਤ ਉਸਦੇ ਅਸਲ ਵਾਰਿਸ ਨੂੰ ਦੇਣੀ ਸੀ। ਪਹਿਲਾਂ ਸਾਰੇ ਹੀ ਧਿਆਨ ਦਿਉ ਜੀ ਸਾਡਾ ਇੱਕ ਵੀ ਰੁਪਿਆ ਜੈਲਦਾਰ ਸਾਹਿਬ ਨੇ ਨਹੀਂ ਦੇਣਾ ਜੀ ਬਲਕਿ ਸਾਡੇ ਕੋਲ ਜੈਲਦਾਰ ਸਾਹਿਬ ਦੇ ਤਿੰਨ ਕਰੋੜ ਰੁਪਏ ਵਿਆਜ਼ ਉੱਤੇ ਹਨ....ਅਸੀ ਅਸਲੀ ਵਾਰਿਸ ਪਤਾ ਕੀਤੇ ਬਿਨਾਂ ਕਿਵੇਂ ਦੇ ਸਕਦੇ ਸੀ, ਕਿਸੇ ਨੂੰ ਵੀ....... ਇਹ ਸੱਚ ਜਾਨਣ ਲਈ ਸਾਨੂੰ ਇਹ ਡਰਾਮਾ ਕਰਨਾ ਪਿਆ। ਇਸ ਸਾਰੇ ਹੀ ਡਰਾਮੇ ਦਾ ਅਮਰ ਸਿੰਘ ਨੂੰ ਪੂਰਾ- ਪੂਰਾ ਪਤਾ ਸੀ ਕਿਉਕਿ ਜੈਲਦਾਰ ਸਾਹਿਬ ਜਦੋਂ ਵੀ ਸਾਡੇ ਕੋਲ ਆਉਂਦੇ ਸਨ, ਅਮਰ ਸਿੰਘ ਉਨ੍ਹਾਂ ਦੇ ਨਾਲ ਹੀ ਹੁੰਦਾ ਸੀ। ਇੰਨੀ ਵੱਡੀ ਰਕਮ ਅਸੀ ਰੌਲੇ ਵਿੱਚ ਨਹੀ ਕਿਸੇ ਨੂੰ ਦੇ ਸਕਦੇ ਸੀ।*



ਸੰਦੀਪ ਦਿਉੜਾ
843755666

ਸੇਠ ਦੀਆਂ ਗੱਲਾਂ ਸੁਣ ਸਾਰੇ ਹੀ ਵੇਖਦੇ ਰਹਿ ਗਏ। ਮਹਿੰਦਰ ਦਾ ਕਲੇਜਾ ਵੀ ਮੂੰਹ ਨੂੰ ਆ ਰਿਹਾਂ ਸੀ। ਉਹ ਅੰਦਰ- ਅੰਦਰੋ ਹੀ ਸੋਚ ਰਿਹਾ ਸੀ ਕਿੰਨੀ ਵੱਡੀ ਗਲਤੀ ਹੋ ਗਈ ਸੀ ਉਸਦੇ ਕੋਲੋਂ, ਪਰ ਹੁਣ ਕਰ ਕੀ ਸਕਦਾ ਸੀ। ਉਸਦੇ ਤਾਂ ਬੁੱਲ ਹੀ ਸੁੱਕ ਗਏ ਸਨ ਅਤੇ ਸਰਦੀਆਂ ਵਿੱਚ ਵੀ ਮਹਿੰਦਰ ਨੂੰ ਤਰੇਲ਼ੀਆ ਆ ਗਈਆਂ ਸਨ।

ਸੇਠ ਨੇ ਬੋਲਣਾ ਜਾਰੀ ਰੱਖਿਆ,*ਪਾਲੋ ਭੈਣ ਤੇਰੀ ਅਮਾਨਤ ਸਾਡੇ ਕੋਲ ਹੈ ,ਜਦੋ ਤੇਰਾ ਜੀ ਕਰੇ ਬੇਬੇ ਨੂੰ ਨਾਲ ਲਿਆ ਕੇ ਲੈ ਜਾਵੀਂ....ਜੇਕਰ ਸਾਡੀਆਂ ਗੱਲਾਂ ਨਾਲ ਕਿਸੇ ਦਾ ਵੀ ਦਿਲ ਦੁੱਖਿਆ ਹੋਵੇ ਤਾਂ ਇੱਕ ਵਾਰ ਫੇਰ ਮੁਆਫ਼ੀ ਮੰਗਦੇ ਹਾਂ। ਚੰਗਾ ਜੀ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਜੀ, ਫਿਰ ਅਸੀ ਚੱਲਦੇ ਹਾਂ ਜੀ। ਬਾਕੀ ਪਾਲੋ ਭੈਣ ਜਦੋ ਵੀ ਤੁਸੀ ਚਾਹੋ ਆ ਜਾਣਾ ਜੀ। *ਉਹ ਦੋਵੇਂ ਭਰਾ ਇੰਨੀਆਂ ਗੱਲਾਂ ਕਰਕੇ ਚਲੇ ਜਾਂਦੇ ਹਨ

*ਆ ਤਾਂ ਕਮਾਲ ਹੀ ਕਰ ਗਿਆ ਸੇਠ,ਸਾਡੇ ਤਾਂ ਫਰਿਸ਼ਤੇ ਵੀ ਨਹੀਂ ਸੋਚ ਸਕਦੇ ਸਨ ,ਇੰਝ ਹੋਵੇਗਾ। *ਮਾਮਿਆਂ ਦੇ ਵੀ ਮੂੰਹ ਖੁੱਲੇ ਦੇ ਖੁੱਲੇ ਹੀ ਰਹਿ ਗਏ। ਜਦੋ ਇਸ ਸਭ ਦਾ ਪਤਾ ਕਰਮਜੀਤ ਨੂੰ ਲੱਗਿਆਂ ਤਾਂ, ਉਸਨੂੰ ਦੰਦਲ਼ਾ ਪੈਣ ਲੱਗ ਗਈਆਂ। (ਰਾਤ ਨੂੰ ਮਹਿੰਦਰ ਦੇ ਘਰ ਵਿੱਚ) *ਆਪਾਂ ਤਾਂ ਲੁੱਟੇ ਗਏ ਕਾਕੇ ਦੇ ਪਾਪਾ .... ਮੈਂ ਤਾਂ ਬਥੇਰੀ ਮਿੱਠੀ ਪਿਆਰੀ ਹੋ ਕੇ ਰਹੀ ਤੈਨੂੰ ਹੀ ਟਿਕਾ ਨਹੀਂ ਆਇਆ... ਜਦੋਂ ਵੇਖ ਲਉ ਤਪੇ ਤੰਦੂਰ ਵਾਗੂੰ ਗਰਮ ਹੀ ਰਹਿੰਦਾ ਸੀ ਬਾਪੂ ਨਾਲ .....ਲੱਗ ਗਿਆ ਪਤਾ ਹੁਣ.... ਜਮੀਨ ਤਾਂ ਜਮੀਨ ਤੇਰੇ ਝਗੜੇ ਵਿੱਚ ਕਰੋੜਾਂ ਰੁਪਿਆ ਵੀ ਨਿਕਲ ਗਿਆ ਹੱਥੋਂ..........ਹੁਣ ਫੜ੍ਹਾ ਦੀ ਨਿਆਣਿਆਂ ਦੇ ਹੱਥਾਂ ਵਿੱਚ ਮੰਗਤਿਆਂ ਵੇਲੇ ਕਟੋਰੇ।*

*ਆਹੋ ਸਾਰਾ ਕਸੂਰ ਤਾਂ ਮੇਰਾ ਹੀ ਹੈਂ, ਭੁੱਲ ਗਈ ਜਦੋ ਬੇਬੇ ਨੂੰ ਰਾਤ ਨੂੰ ਘਰੋ ਕੱਢਿਆ ਸੀ, ਉਹ ਬੇਚਾਰੀ ਰੋਂਦੀ ਹੀ ਰਹਿ ਗਈ ਸੀ..... ਹੋਰ ਤਾਂ ਹੋਰ ਉਹਨਾਂ ਦੇ ਪੈਰਾਂ ਵਿੱਚ ਖਿਡੌਣੇ ਕਿਸਨੇ ਮਾਰੇ ਸੀ..... ਨਾਲੇ ਮੈਨੂੰ ਕੀ ਪਤਾ ਸੀ ਬਾਪੂ ਕਰੋੜਾਂ ਰੁਪਏ ਜੋੜੀ ਬੈਠਾ ਸੀ, ਕੰਜੂਸੀਆ ਤਾਂ ਐ ਕਰਦਾ ਸੀ ਜਿਵੇਂ ਨੰਗਾ ਦਾ ਨੰਗ ਹੋਵੇ। ਪਰ ਤੂੰ ਕਰਮਜੀਤ ਘੱਟ ਨਹੀਂ ਕੀਤੀ ਮੇਰੇ ਬੇਬੇ- ਬਾਪੂ ਨਾਲ।*

*ਵਾਹ -ਵਾਹ ਮੈਂ ਹੀ ਮਾੜੀ ਸੀ, ਚੱਲ ਫੇਰ ਤੂੰ ਹੀ ਬਣ ਜਾਂਦਾ ਸਰਵਨ ਪੁੱਤ.... ਸਿਆਣੇ ਆਖਦੇ ਹਨ ਕਿ ਔਰਤਾਂ ਦੀ ਮਤ ਘੱਟ ਹੁੰਦੀ ਹੈ ਮੈਨੂੰ ਸਮਝਾ ਦਿੰਦਾ ਮੈ ਕਿਹੜਾ ਤੇਰਾ ਕਿਹਾ ਪਲਟਾ ਦਿੰਦੀ।*

* ਹੁਣ ਇਹ ਸਾਰੀਆਂ ਗੱਲਾਂ ਛੱਡ ਹੁਣ ਤਾਂ ਸਾਰੀ ਖੇਡ- ਖੇਡੀ ਗਈ। ਸੋਚ ਹੁਣ ਇਹ ਕੇ ਆਪਾਂ ਆਪਣੇ ਪਾਸੇ ਗੇਂਦ ਕਿਵੇਂ ਲੈਕੇ ਆਉਣੀ ਹੈ। ਦੋਵੇਂ ਹੀ ਸਕੀਮਾਂ ਸੋਚਣ ਲੱਗ ਜਾਂਦੇ ਹਨ।

ਚੱਲਦਾ.......

# ਪਲੂਟੋ ਦਾ ਸਾਡੀ ਜ਼ਿੰਦਗੀ 'ਚ ਆਉਣਾ...

ਜ਼ਿੰਦਗੀ ਦੇ ਹਿੱਸੇ ਜਦੋਂ ਜ਼ਿੰਦਗੀ ਨਾਲੋਂ ਕੱਟ ਜਾਂਦੇ ਹਨ ਤਾਂ ਬਹੁਤ ਔਖਾ ਲੱਗਦਾ ਹੈ। ਪਲੂਟੋ ਮੇਰਾ ਇਲਬਰੇਡੋਰ ਮੇਰੀ ਜ਼ਿੰਦਗੀ ਦਾ ਇੱਕ ਮਜਬੂਤ ਹਿੱਸਾ ਸੀ। ਮੇਰੇ ਪਤੀ ਬੈਂਗਲੋਰ ਵਿੱਚ ਪੋਸਟਿਡ ਸਨ ਜਦੋਂ ਅਸੀਂ ਪਲੂਟੋ ਨੂੰ ਲੈ ਕੇ ਆਏ। ਪਲੂਟੋ ਦਾ ਸਾਡੀ ਜ਼ਿੰਦਗੀ ਵਿੱਚ ਆਉਣਾ ਕੁਦਰਤ ਵੱਲੋਂ ਇੱਕ ਚਮਤਕਾਰ ਸੀ। ਜਿਸ ਬੰਦੇ ਨੂੰ ਡੋਗ ਲੈਣ ਲਈ ਭੇਜਿਆ ਸੀ ਉਸਨੇ ਕਿਸੇ ਹੋਰ ਕੋਲੋਂ ਗੋਲਡਨ ਰਿਟਰੀਵਰ ਲੈਣਾ ਸੀ। ਪਰ ਉਹ ਬੰਦਾ ਮੌਕੇ ਤੇ ਪਹੁੰਚ ਨਾ ਸਕਿਆ। ਮੈਨੂੰ ਅਜੇ ਵੀ ਯਾਦ ਹੈ ਕਿ ਮੈਨੂੰ ਫੋਨ ਆਇਆ ਮੈਡਮ ਉਹ ਡੋਗ ਨਹੀਂ ਮਿਲ ਰਿਹਾ ਪਰ ਇੱਕ ਬਹੁਤ ਪਿਆਰਾ ਲਬਰੇਡੋਰ ਬੱਚਾ ਦੇਖਿਆ ਹੈ ਜੇ ਤੁਸੀ ਕਹੋ ਤਾਂ ਇਸ ਨੂੰ ਲੈ ਆਵਾਂ। ਮੇਰੇ ਮੂੰਹੋ ਇਕਦਮ ਨਿਕਲਿਆ ਕਿ ਹਾਂ ਤੁਸੀ ਇਸ ਨੂੰ ਲੈ ਆਓ।

ਉਸਦੇ ਆਉਣ ਤੋਂ ਪਹਿਲਾਂ ਹੀ ਮੈਂ ਉਸਦਾ ਨਾਮ ਪਲੂਟੋ ਰੱਖ ਲਿਆ। ਮੇਰੇ ਪਤੀ ਵਾਰ-ਵਾਰ ਦਫਤਰ ਚੋਂ ਫੋਨ ਕਰਕੇ ਪੁੱਛ ਰਹੇ ਸਨ ਕਿ ਕੀ ਪਲੂਟੋ ਆ ਗਿਆ। ਜਦੋਂ ਘਰ ਪਹੁੰਚਿਆ ਤਾਂ ਜਿਵੇਂ ਰੌਣਕ ਹੀ ਛਾ ਗਈ। ਸਾਡੀ ਬਟਾਲੀਅਨ ਦਾ ਹਰ ਇੱਕ ਬੰਦਾ ਉਸਨੂੰ ਦੇਖਣ ਆਇਆ। ਆਪਣੀ ਪਿਆਰੇ ਜਿਹੇ ਮੂੰਹ ਤੇ ਪਿਆਰੇ ਜਿਹੇ ਵਿਹਾਰ ਨਾਲ ਪਲੂਟੋ ਹਰ ਇੱਕ ਦਾ ਚਹੇਤਾ ਬਣ ਗਿਆ। ਇੱਕ ਹੋਰ ਆਫਿਸਰ ਜੋ ਸਾਡੇ ਨਾਲ ਵਾਲੇ ਕਾਰਟਰ ਵਿੱਚ ਰਹਿੰਦੇ ਸਨ ਉਹਨਾਂ ਦੀ ਪਤਨੀ ਜਦੋਂ ਵੀ ਕੱਲੀ ਹੁੰਦੀ ਤਾਂ ਫੋਨ ਕਰ ਦਿੰਦੀ ਕਿ ਇਸ ਨੂੰ ਮੇਰੇ ਕੋਲ ਭੇਜ ਦਿਓ। ਦੋ ਦਿਨਾਂ ਵਿੱਚ ਹੀ ਪਲੂਟੋ ਲਈ ਛੋਟੇ ਛੋਟੇ ਗੱਦੇ ਬਣਾਏ ਗਏ। ਪਤਾ ਨਹੀਂ ਕਿੰਨੇ ਖਿਲਾਉਣੇ ਅਸੀ ਉਸ ਵਾਸਤੇ ਲੈ ਕੇ ਆਏ। ਮੇਰੇ ਨਾਲ ਉਸ ਬੱਚੇ ਦਾ ਜੁੜਾਵ ਬਹੁਤ ਵੱਖਰਾ ਸੀ। ਉਹ ਇੱਕ ਮਿੰਟ ਵੀ ਮੈਨੂੰ ਅੱਖਾਂ ਤੋਂ ਪਰੇ ਨਾ ਹੋਣ ਦਿੰਦਾ। ਜੇ ਮੈਂ ਬਾਥਰੂਮ ਵੀ ਜਾਂਦੀ ਤਾਂ ਉਹ ਬਾਹਰ ਬੈਠਾ ਰੋਦਾ ਰਹਿੰਦਾ। ਮੈਂ ਤਿੰਨ ਮਹੀਨੇ ਦੀ ਛੁੱਟੀ ਤੇ ਉੱਥੇ ਰਹੀ। ਇਸੇ ਦਰਮਿਆਨ ਮੇਰੇ ਪਤੀ ਦੀ ਬਦਲੀ ਜਲੰਧਰ ਹੋ ਗਈ। ਹੁਣ ਮਸਲਾ ਅਸੀ ਪਲੂਟੋ ਨੂੰ ਕਿਵੇਂ ਲਿਆਇਆ ਜਾਵੇ। ਪਰ ਇਸ ਦਾ ਹੱਲ ਵੀ ਸੌਖਾ ਹੀ ਨਿਕਲ ਆਇਆ ਅਸੀ ਆਪਣੀ ਕਾਰ ਪਟਿਆਲੇ ਭੇਜਣੀ ਸੀ ਜਿਸ ਵਿੱਚ ਪਲੂਟੋ ਨੂੰ ਡਰਾਈਵਰ ਦੇ ਨਾਲ ਭੇਜ ਦਿੱਤਾ ਗਿਆ। ਚਾਰ ਦਿਨ ਲੱਗੇ ਇਸ ਸਫਰ ਵਿੱਚ। ਅਸੀਂ ਪਹਿਲਾਂ ਹੀ ਘਰ ਪਹੁੰਚ ਚੁੱਕੇ ਸੀ। ਡਰਾਈਵਰ ਦਾ ਫੋਨ ਆਇਆ ਕਿ ਉਹ ਪਟਿਆਲੇ ਪਹੁੰਚ ਚੁੱਕਾ ਹੈ। ਸਾਡਾ ਇੱਕ ਹੋਰ ਬੰਦਾ ਵੀ ਉਸਦੇ ਨਾਲ ਸੀ।



ਹਰਪ੍ਰੀਤ ਕੌਰ ਸੰਧੂ

ਮੇਰੇ ਪਤੀ ਸਕੂਟਰ ਲੈ ਕੇ ਉਹਨਾਂ ਨੂੰ ਰਸਤਾ ਦਿਖਾਉਣ ਲਈ ਗਏ। ਹੈਰਾਨੀ ਦੀ ਗੱਲ ਇਹ ਸੀ ਕਿ ਜਿਵੇਂ ਹੀ ਉਹ ਘਰ ਪਹੁੰਚੇ ਤੇ ਉਹਨਾਂ ਨੇ ਪਲੂਟੋ ਨੂੰ ਕਾਰ ਵਿੱਚੋ ਉਤਾਰਿਆ ਤਾਂ ਉਹ ਬਿਨਾਂ ਮੈਨੂੰ ਦੇਖੇ ਭੱਜ ਕੇ ਮੇਰੀ ਮੰਮੀ ਦੀ ਗੋਦ ਵਿੱਚ ਜਾ ਬੈਠਾ। ਬਸ ਉਸ ਦਿਨ ਤੋਂ ਉਹ ਮੰਮੀ ਦਾ ਹੀ ਹੋ ਗਿਆ। ਉਸ ਦਿਨ ਤੋਂ ਲੈ ਕੇ ਉਸ ਦੀ ਜ਼ਿੰਦਗੀ ਦੇ ਅਖੀਰਲੇ ਦਿਨ ਤੱਕ ਉਸਨੇ ਇੱਕ ਮਿਨਟ ਲਈ ਵੀ ਕਦੀ ਮੰਮੀ ਦਾ ਵਸਾਹ ਨਹੀਂ ਕੀਤਾ। ਅਸੀਂ ਜਲੰਧਰ ਸ਼ਿਫਟ ਕਰ ਗਏ ਤੇ ਪਲੂਟੋ ਪਿੱਛੇ ਪਟਿਆਲਾ ਹੀ ਰਹਿ ਗਿਆ। ਮੇਰਾ ਮਨ ਸੀ ਕਿ ਕੁਝ ਦਿਨਾਂ ਬਾਅਦ ਜਦੋਂ ਸਾਨੂੰ ਘਰ ਮਿਲ ਜਾਵੇਗਾ ਤਾਂ ਅਸੀਂ ਉਸਨੂੰ ਨਾਲ ਲੈ ਜਾਵਾਂਗੇ। ਪਰ ਮੇਰੇ ਪਿਤਾ ਨੇ ਉਸ ਨੂੰ ਭੇਜਣ ਤੋ ਸਾਫ ਇਨਕਾਰ ਕਰ ਦਿੱਤਾ। ਪਲੂਟੋ ਹੁਣ ਘਰ ਦਾ ਲਾਡਲਾ ਬੱਚਾ ਸੀ। ਸਾਡੇ ਘਰ ਵਿੱਚ ਪਹਿਲਾਂ ਵੀ ਸੀਜ਼ਰ ਦੇ ਹੋਣ ਕਰਕੇ ਥੋੜੀ ਮੁਸ਼ਕਿਲ ਆ ਰਹੀ ਸੀ। ਪਲੂਟੋ ਸੀਜ਼ਰ ਨਾਲ ਖੇਡਣਾ ਚਾਹੁੰਦਾ ਸੀ ਪਰ ਸੀਜ਼ਰ ਉਸ ਤੋਂ ਖਾਰ ਖਾਂਦਾ ਸੀ। ਉਸ ਨੂੰ ਇੰਝ ਲੱਗਦਾ ਸੀ ਕਿ ਮੇਰਾ ਪਿਆਰ ਵੰਡ ਦਿੱਤਾ ਗਿਆ। ਮੰਮੀ ਨੇ ਪਲੂਟੋ ਨੂੰ ਇੱਕ ਪਾਸੇ ਤੋਂ ਕਰਕੇ ਲੈ ਜਾਣਾ। ਪਲੂਟੋ ਨੇ ਰਾਤ ਨੂੰ ਮਮੀ ਦੇ ਨਾਲ ਹੀ ਸੌਣਾ। ਉਹ ਸਵੇਰੇ ਤੜਕਸਾਰ ਉੱਠ ਜਾਂਦਾ ਤੇ ਮੰਮੀ ਉਸਨੂੰ ਬਾਹਰ ਬਗੀਚੇ ਵਿੱਚ ਕੱਢ ਦਿੰਦੇ। ਉਹ ਇੱਕ ਇੱਕ ਪੱਤੇ ਨੂੰ ਇੱਕ ਇੱਕ ਫੁੱਲ ਨੂੰ ਸੁੰਘਦਾ ਦੇਖਦਾ ਤੇ ਖੇਡਦਾ ਰਹਿੰਦਾ। ਚੁਸਤੀ ਫੁਰਤੀ ਦਾ ਸੁਮੇਲ ਸੀ ਉਹ। ਪਿਆਰਾ ਜਿਹਾ ਮੂੰਹ ਤੇ ਭੋਲੀਆਂ ਭੋਲੀਆਂ ਜਿਹੀਆਂ ਸ਼ਰਾਰਤਾਂ। ਉਹ ਸਾਡੇ ਘਰ ਦੀ ਰੌਣਕ ਬਣ ਗਿਆ ਸੀ। ਹੁਣ ਸੀਜ਼ਰ ਨੇ ਵੀ ਉਸ ਨਾਲ ਦੋਸਤੀ ਕਰ ਲਈ ਸੀ। ਦੋਹਾਂ ਦਾ ਬੜਾ ਮੇਲ ਸੀ। ਹੌਲੀ ਹੌਲੀ ਪਲੂਟੋ ਘਰ ਦੀ ਜਿੰਦ ਜਾਨ ਬਣ ਗਿਆ। ਸਮੱਸਿਆ ਇਹ ਸੀ ਕਿ ਉਹ ਮੰਮੀ ਨੂੰ ਕਿਤੇ ਜਾਣ ਨਹੀਂ ਦਿੰਦਾ ਸੀ। ਜੇ ਮੰਮੀ ਨੇ ਕਦੀ ਗੁਆਂਢੀਆਂ ਦੇ ਘਰ ਵੀ ਚਲੇ ਜਾਣਾ ਤਾਂ ਉਸਨੇ ਗੇਟ ਵਿੱਚ ਬੈਠੇ ਰਹਿਣਾ। ਉਸਨੂੰ ਬਥੇਰਾ ਕਹਿਣਾ ਕਿ ਅੰਦਰ ਆ ਜਾ ਪਰ ਨਹੀਂ ਜਦ ਤੱਕ ਮੰਮੀ ਵਾਪਸ ਨਹੀਂ ਆਉਂਦੇ ਉਹ ਉੱਥੇ ਹੀ ਬੈਠਾ ਰਹਿੰਦਾ। ਮੰਮੀ ਨੂੰ ਵੀ ਉਸ ਨਾਲ ਇੱਕ ਅਜੀਬ ਤਰ੍ਹਾਂ ਦਾ ਮੋਹ ਹੋ ਗਿਆ ਸੀ ਕਿ ਉਹ ਕਦੀ ਕਿਤੇ ਜਾਂਦੇ ਹੀ ਨਹੀਂ ਸਨ। ਉਹਨਾਂ ਨੂੰ ਲੱਗਦਾ ਸੀ ਕਿ ਪਲੂਟੋ ਪਿੱਛੇ ਪਰੇਸ਼ਾਨ ਹੋਵੇਗਾ।

ਮੈਂ ਜਦੋਂ ਸਕੂਲ ਜਾਂਦੀ ਤਾਂ ਉਹ ਗੇਟ ਤੱਕ ਮੈਨੂੰ ਹਰ ਰੋਜ਼ ਛੱਡਣ ਜਾਂਦਾ। ਮੇਰੇ ਵਾਪਸ ਆਉਣ ਦੇ ਸਮੇਂ ਉਹ ਪੋਰਚ ਵਿੱਚ ਬੈਠਾ ਮੈਨੂੰ ਉਡੀਕ ਰਿਹਾ ਹੁੰਦਾ। ਮੈਨੂੰ ਉਸ ਵਿੱਚ ਆਪਣਾ ਸਭ ਕੁਝ ਨਜ਼ਰ ਆਉਂਦਾ ਸੀ। ਜਦੋਂ ਦੁਪਹਿਰੇ ਮੈਂ ਘਰ ਆ ਜਾਣਾ ਤਾਂ ਉਸਨੇ ਗਰਮੀਆਂ ਵਿੱਚ ਰੋਣ ਲੱਗਣਾ ਕਿ ਹੁਣ ਏਸੀ ਚਲਾਓ। ਇਹ ਉਸ ਦੀ ਕਮਜ਼ੋਰੀ ਸੀ। ਜੇਕਰ ਕਿਤੇ ਬਿਜਲੀ ਚਲੀ ਜਾਣੀ ਤਾਂ ਉਸਨੇ ਦੂਜੇ ਕਮਰੇ ਵਿੱਚ ਦੇਖਣ ਜਾਣਾ ਕਿ ਉੱਥੇ ਏਸੀ ਚੱਲ ਰਿਹਾ ਹੈ ਕਿ ਨਹੀਂ।

ਖਾਣ ਪੀਣ ਵਿੱਚ ਦਹੀਂ ਖਾਣ ਦਾ ਬਹੁਤ ਸ਼ੌਂਕੀਨ ਸੀ। ਮੰਮੀ ਨੇ ਵੱਡਾ ਕੌਲਾ ਭਰ ਕੇ ਦਹੀਂ ਦਾ ਜਮਾਉਣਾ ਤੇ ਸਾਰਾ ਹੀ ਉਸਨੂੰ ਖਵਾ ਦੇਣਾ। ਜਦੋਂ ਆਪ ਰੋਟੀ ਖਾਣ ਲੱਗਣਾ ਆਪਣੀ ਕੌਲੀ ਵੀ ਉਸਨੂੰ ਦੇ ਦੇਣੀ ਕਿ ਕੋਈ ਗੱਲ ਨਹੀਂ ਪਲੂਟੋ ਤੂੰ ਖਾ ਲੈ। ਇੱਕ ਅਜੀਬ ਜਿਹਾ ਰਿਸ਼ਤਾ ਸੀ ਦੋਹਾਂ ਦਾ।

ਮੈਂ ਅਕਸਰ ਦੇਖਣਾ ਕਿ ਮੇਰੇ ਬਾਥਰੂਮ ਵਿੱਚ ਜਿਸ ਟੱਬ ਵਿੱਚ ਪਾਣੀ ਪਿਆ ਹੈ ਉਸ ਵਿੱਚ ਹਰ ਰੋਜ਼ ਮਿੱਟੀ ਪਈ ਹੁੰਦੀ ਹੈ। ਕਈ ਦਿਨ ਮੈਨੂੰ ਸਮਝ ਨਾ ਆਈ। ਇੱਕ ਦਿਨ ਮੈਂ ਦੇਖਿਆ ਕਿ ਪਲੂਟੋ ਮਿੱਟੀ ਵਿੱਚ ਖੇਡ ਕੇ ਆਉਂਦਾ ਹੈ ਤੇ ਆਪਣੇ ਪੈਰ ਵਾਰੀ ਵਾਰੀ ਉਸ ਪਾਣੀ ਵਿੱਚ ਪਾ ਕੇ ਆਪਣੇ ਪੈਰ ਧੋ ਲੈਂਦਾ ਹੈ। ਉਸ ਦੀ ਚੁਸਤੀ ਫੁਰਤੀ ਕਮਾਲ ਦੀ ਸੀ। ਜਦੋਂ ਉਹ ਸਾਲ ਦਾ ਸੀ ਤਾਂ ਉਸਨੂੰ ਦੌਰੇ ਪੈਣ ਲੱਗੇ। ਇਹ ਦੌਰੇ ਇੰਜ ਹੁੰਦੇ ਸਨ ਜਿਵੇਂ ਮਿਰਗੀ ਦਾ ਦੌਰਾ ਹੋਵੇ। ਮੈਂ ਉਸਨੂੰ ਬਹੁਤ ਡਾਕਟਰਾਂ ਕੋਲ ਦਿਖਾਇਆ ਪਰ ਸਭ ਨੇ ਕਿਹਾ ਇਸ ਦਾ ਕੋਈ ਇਲਾਜ ਨਹੀਂ ਹੈ। ਪਰਹੇਜ਼ ਵਜੋਂ ਉਹਨਾਂ ਨੇ ਗੋਲੀਆਂ ਜਰੂਰ ਦਿੱਤੀਆਂ। ਪਰ ਜਦੋਂ ਕਦੀ ਵੀ ਪਲੂਟੋ ਬਿਮਾਰ ਹੁੰਦਾ ਤਾਂ ਮਨ ਬਹੁਤ ਪਰੇਸ਼ਾਨ ਹੋ ਜਾਂਦਾ। ਕਈ ਵਾਰ ਰੱਬ ਤੇ ਵੀ ਗੁੱਸਾ ਆਉਂਦਾ ਕਿ ਉਸ ਬੇਜ਼ੁਬਾਨ ਜੀਵ ਨੂੰ ਅਜਿਹੀ ਬਿਮਾਰੀ ਕਿਉ ਦੇ ਰਿਹਾ ਹੈ।

ਉਸਦੀ ਬਿਮਾਰੀ ਦੇ ਡਰ ਕਰਕੇ ਵੀ ਅਸੀ ਕਦੇ ਉਸ ਨੂੰ ਇਕੱਲਾ ਨਹੀਂ ਛੱਡਦੇ ਸੀ। ਕੋਈ ਨਾ ਕੋਈ ਘਰ ਜਰੂਰ ਉਸ ਕੋਲ ਰਹਿੰਦਾ। ਹੌਲੀ ਹੌਲੀ ਉਹ ਬੱਦਲਾਂ ਦੀ ਆਵਾਜ਼ ਤੋ ਵੀ ਡਰਨ ਲੱਗਾ। ਜਦੋ ਕਦੇ ਮੀਂਹ ਪੈਣਾ ਤਾਂ ਉਸਨੇ ਡਰ ਕੇ ਲੁਕ ਜਾਣਾ। ਦਿਵਾਲੀ ਦੇ ਦਿਨਾਂ ਵਿੱਚ ਤਾਂ ਉਹ ਬਹੁਤ ਹੀ ਪਰੇਸ਼ਾਨ ਹੁੰਦਾ ਸੀ।। ਪਟਾਕਿਆਂ ਦੀ ਆਵਾਜ਼ ਤੋਂ ਉਹ ਬਹੁਤ ਡਰਦਾ ਸੀ। ਕੁਝ ਸਾਲ ਬਾਅਦ ਅਸੀ ਸਮੋਕੀ ਨੂੰ ਲੈ ਆਏ। ਪਲੂਟੋ ਨੇ ਇੱਕ ਦਿਨ ਵੀ ਓਪਰਾ ਨਹੀਂ ਕੀਤਾ। ਉਸਨੇ ਇਸ ਮੌਕੇ ਨੂੰ ਆਪਣੇ ਛੋਟੇ ਭਰਾ ਵਾਂਗ ਅਪਣਾ ਲਿਆ। ਉਹ ਆਪਣੇ ਖਾਣੇ ਵਿੱਚੋ ਥੋੜਾ ਜਿਹਾ ਖਾਣਾ ਸਮੋਕੀ ਲਈ ਜਰੂਰ ਛੱਡਦਾ। ਦੋਹਾਂ ਦੀ ਕਦੇ ਲੜਾਈ ਨਹੀਂ ਹੋਈ। ਇੱਕ ਨੇ ਪਾਣੀ ਪੀਣਾ ਤਾਂ ਦੂਜੇ ਨੇ ਪਿੱਛੇ ਖੜੇ ਰਹਿਣਾ। ਇਹ ਦੇਖ ਕੇ ਮੈਂ ਅਕਸਰ ਸੋਚਦੀ ਕਿ ਕਹਿੰਦੇ ਨੇ ਕੁੱਤਾ ਕੁੱਤੇ ਦਾ ਵੈਰੀ ਪਰ ਇਹ ਝੂਠ ਸਾਬਿਤ ਕਰ ਦਿੱਤਾ ਸੀ ਇਹਨਾਂ ਦੋਹਾਂ ਨੇ। ਬਹੁਤ ਹੀ ਪਿਆਰ ਨਾਲ ਰਹਿੰਦੇ ਸਨ। ਜੇ ਕਦੀ ਇੱਕ ਨੂੰ ਗੁੱਸੇ ਹੋਣਾ ਤਾਂ ਦੂਜੇ ਨੇ ਅੱਗੋ ਸਾਨੂੰ ਬੋਲਣਾ। ਇੱਕ ਦੂਜੇ ਨੂੰ ਕੁਝ ਵੀ ਕਹਿਣ ਨਹੀਂ ਦਿੰਦੇ ਸਨ। ਹੌਲੀ ਹੌਲੀ ਜਿਵੇਂ ਜਿਵੇਂ ਉਮਰ ਵੱਧਦੀ ਗਈ ਪਲੂਟੋ ਦਾ ਤੁਰਨਾ ਫਿਰਨਾ ਥੋੜਾ ਮੁਸ਼ਕਿਲ ਹੋ ਰਿਹਾ ਸੀ। ਉਸਨੂੰ ਅਰਥਰਾਈਟਸ ਦੀ ਪ੍ਰੋਬਲਮ ਹੋ ਗਈ ਸੀ। ਪਰ ਫਿਰ ਵੀ ਜਦੋਂ ਮੰਮੀ ਆਪਣੀ ਖੂੰਡੀ ਚੱਕ ਕੇ ਤੁਰਦੇ ਤਾਂ ਉਹ ਨਾਲ ਹੀ ਤੁਰ ਪੈਂਦਾ।

ਮੇਰੇ ਪਿਤਾ ਦੀ ਮੌਤ ਤੋਂ ਬਾਅਦ 15 ਦਿਨ ਪਲੂਟੋ ਨੇ ਕੁਝ ਨਾ ਖਾਧਾ। ਉਹ ਹਰ ਵੇਲੇ ਉਹਨਾਂ ਦੀ ਵੀਲ ਚੇਅਰ ਕੋਲ ਬੈਠਾ ਰੋਂਦਾ ਰਹਿੰਦਾ। ਇੱਕ ਜਾਨਵਰ ਇਸ ਦਰਦ ਨੂੰ ਕਿਸ ਤਰ੍ਹਾਂ ਮਹਿਸੂਸ ਕਰਦਾ ਹੈ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ। ਹੌਲੀ ਹੌਲੀ ਆਪਣੀ ਚਾਲੇ ਚੱਲਦਾ ਚਲਦਾ ਵਕਤ ਬਹੁਤ ਅੱਗੇ ਆ ਗਿਆ ਸੀ। ਪਰ ਪਲੂਟੋ ਠੀਕ ਸੀ ਬੇਸ਼ੱਕ ਉਸ ਤੋਂ ਤੁਰ ਫਿਰ ਨਹੀਂ ਹੁੰਦਾ ਸੀ। ਅਸੀ ਕਈ ਵਾਰ ਹੱਸਦੇ ਵੀ ਸੀ ਕਿ ਜੇ ਇਸ ਨੂੰ ਉਠਾਉਣਾ ਹੋਵੇ ਤਾਂ ਬਸ ਮੰਮੀ ਨੂੰ ਸਿਰ ਤੇ ਚੁੰਨੀ ਲੈਣ ਨੂੰ ਕਹੋ ਤੇ ਇਹ ਤੁਰ ਪਵੇਗਾ। ਇੱਕ ਦਿਨ ਪਲੂਟੋ ਨੂੰ ਸਵੇਰੇ ਸਵੇਰੇ ਉਲਟੀ ਆਈ। ਮੈਨੂੰ ਲੱਗਾ ਕਿ ਸਰਦੀ ਦਾ ਮੌਸਮ ਹੈ ਹੋ ਸਕਦਾ ਹੈ ਠੰਡ ਲੱਗ ਗਈ ਹੋਵੇ। ਪਰ ਦੂਸਰੇ ਦਿਨ ਵੀ ਉਸ ਨੂੰ ਉਲਟੀਆਂ ਲੱਗੀਆਂ ਹੀ ਰਹੀਆਂ। ਮੈਂ ਡਾਕਟਰ ਕੋਲ ਗਈ ਤਾਂ ਡਾਕਟਰ ਨੇ ਉਸਦਾ ਟੈਸਟ ਕਰਵਾਉਣ ਲਈ ਕਿਹਾ। ਉਸਨੂੰ ਵਾਇਰਲ ਨਿਮੋਨੀਆ ਸੀ। ਡਾਕਟਰ ਨੇ ਵਿਸ਼ਵਾਸ ਦਿਵਾਇਆ ਕਿ ਉਹ ਜਲਦ ਹੀ ਠੀਕ ਹੋ ਜਾਵੇਗਾ। ਮੈਂ ਘਰ ਹੀ ਉਸਦੇ ਇੰਜੈਕਸ਼ਨ ਲਗਾ ਦਿੱਤੇ। ਪਲੂਟੋ ਕਦੀ ਵੀ ਕਾਰ ਵਿੱਚ ਨਹੀਂ ਬੈਠਦਾ ਸੀ। ਉਸ ਦੇ ਮਨ ਵਿੱਚ ਇਹ ਡਰ ਘਰ ਕਰ ਬੈਠਾ ਸੀ ਕਿ ਮੈਨੂੰ ਕਿਤੇ ਛੱਡ ਆਉਣਗੇ। ਇਕਦਮ ਸ਼ਾਮ ਦੇ 5 ਵਜੇ ਪਲੂਟੋ ਉੱਠਿਆ ਤੇ ਸਾਰੇ ਵਿਹੜੇ ਵਿੱਚ ਉਸਨੇ ਚੱਕਰ ਲਗਾਇਆ। ਹਰ ਉਹ ਥਾਂ ਜਿੱਥੇ ਉਹ ਬੈਠਦਾ ਸੀ ਉਸ ਥਾਂ ਤੇ ਉਹ ਬੈਠਿਆ। ਫਿਰ ਉਹ ਮੇਰੇ ਕਮਰੇ ਵਿੱਚ ਆ ਕੇ ਉਸ ਥਾਂ ਤੇ ਬੈਠ ਗਿਆ ਜਿੱਥੇ ਉਹ ਨਿੱਕਾ ਹੁੰਦਾ ਸੌਂਦਾ ਸੀ। ਪਿਤਾ ਜੀ ਦੀ ਮੌਤ ਤੋਂ ਬਾਅਦ ਤਾਂ ਉਹ ਮੰਮੀ ਦੇ ਨਾਲ ਹੀ ਰਹਿੰਦਾ ਸੀ। ਬਸ ਉੱਥੇ ਬੈਠ ਕੇ ਫਿਰ ਉਸ ਤੋਂ ਉੱਠ ਨਹੀਂ ਹੋਇਆ। ਉਹ ਬਹੁਤ ਔਖੇ ਔਖੇ ਸਾਹ ਲੈ ਰਿਹਾ ਸੀ। ਫਿਰ ਵੀ ਮੈਨੂੰ ਯਕੀਨ ਸੀ ਕਿ ਉਹ ਠੀਕ ਹੋ ਜਾਵੇਗਾ। ਅਚਾਨਕ ਉਸਦੇ ਸਾਹਾਂ ਦੀ ਆਵਾਜ਼ ਆਉਣੀ ਬੰਦ ਹੋ ਗਈ। ਦੇਖਿਆ ਤਾਂ ਪਲੂਟੋ ਇੱਕ ਨਵੀਂ ਜ਼ਿੰਦਗੀ ਵਿੱਚ ਜਾਗਣ ਲਈ ਸੌਂ ਚੁੱਕਾ ਸੀ। ਉਹ ਜਾਂਦਾ ਹੋਇਆ ਸਾਡੇ ਘਰ ਚੋ ਜਿਵੇਂ ਬਰਕਤ ਹੀ ਲੈ ਗਿਆ। ਘਰ ਵਿੱਚ ਦਿਲ ਨਹੀਂ ਲੱਗਦਾ। ਹਰ ਪਾਸਾ ਸੁੰਨਾ ਸੁੰਨਾ ਮਹਿਸੂਸ ਹੁੰਦਾ ਹੈ। ਇੰਜ ਲੱਗਦਾ ਹੈ ਜਿਵੇਂ ਸਭ ਕੁਝ ਹੁੰਦਿਆਂ ਵੀ ਕੁਝ ਵੀ ਨਹੀਂ ਹੈ। ਲੁੱਟੋਦੀਨ ਦੇਤਕ ਦੇਹ ਨੂੰ ਬਗ਼ੀਚੇ ਦੇ ਬਿਲਕੁਲ ਵਿਚਕਾਰ ਦਬਾ ਦਿੱਤਾ ਗਿਆ। ਉਸ ਦੇ ਉੱਪਰ ਬਹੁਤ ਸਾਰੇ ਫੁੱਲ ਲਾ ਦਿੱਤੇ ਗਏ। ਹੁਣ ਜਦੋ ਵੀ ਕੋਈ ਨਵਾਂ ਫੁੱਲ ਖਿੜਦਾ ਹੈ ਤਾਂ ਉਸ ਵਿੱਚ ਪਲੂਟੋ ਦਾ ਭੋਲਾ ਜਿਹਾ ਮੂੰਹ ਦਿਖਾਈ ਦਿੰਦਾ ਹੈ। ਅਕਸਰ ਸੋਚਦੀ ਹਾਂ ਕਿ ਜੇ ਕਿਤੇ ਅੱਥਰੂਆਂ ਦੀਆਂ ਪੌੜੀਆਂ ਬਣਦੀਆਂ ਹੁੰਦੀਆਂ ਤਾਂ ਮੈਂ ਜਾ ਕੇ ਉਸ ਨੂੰ ਆਕਾਸ਼ ਵਿੱਚੋ ਵੀ ਵਾਪਸ ਲੈ ਆਉਂਦੀ। ਪਰ ਜਾਣ ਵਾਲੇ ਕਿੱਥੇ ਮੁੜਦੇ ਹਨ।

*ਦਿਖਾ ਜੋ, ਸੋ ਲਿਖਾ*

# ਰਾਜਸੀ ਪਾਰਟੀਆਂ ਨੇ ਛਿੱਕੇ ਤੇ ਟੰਗੇ ਸਿਧਾਂਤ ਅਤੇ ਵਿਚਾਰਧਾਰਾ

## *ਹਰ ਪਾਸੇ ਹੋ ਰਿਹੈ ਦਲਬਦਲੀਆਂ ਦਾ ਖੇਲਾ*





ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਵੱਲੋਂ 19ਵੀਆਂ ਲੋਕ ਸਭਾ ਦੀਆਂ ਚੋਣਾਂ ਦੇ ਐਲਾਨ ਨਾਲ ਹਰ ਪਾਸੇ ਚੋਣਾਂ ਦਾ ਬੁਖਾਰ ਸਿਖਰ ਤੇ ਪੁੱਜ ਚੁਕੈ। ਚੋਣਾਂ ਦੇ ਐਲਾਨ ਦੇ ਨਾਲ ਹੀ ਰਾਜਸੀ ਪਾਰਟੀਆਂ ਵਿੱਚ ਲੀਡਰਾਂ ਦਾ ਆਇਆ 'ਰਾਮ ਤੇ ਗਿਆ ਰਾਮ' ਦਾ ਪ੍ਰਚਲਨ ਤੇਜੀ ਨਾਲ ਸ਼ੁਰੂ ਹੋ ਚੁੱਕੈ। ਪਾਰਟੀਆਂ ਦੀ ਪਰੰਪਰਾਗਤ ਵਿਚਾਰਧਾਰਾ ਅਤੇ ਸਿਧਾਂਤ ਕਿਧਰੇ ਵੀ ਦਿਖਾਈ ਨਹੀਂ ਦੇ ਰਹੇ। ਹਰ ਹਾਲਤ ਵਿੱਚ ਵੱਧ ਤੋਂ ਵੱਧ ਸੀਟਾਂ ਜਿੱਤ ਕੇ ਸਤਾ ਹਥਿਆਉਣਾ ਪਾਰਟੀਆਂ ਦਾ ਇਕੋ ਇਕ ਮਕਸਦ ਜਾਪਦੈ। ਲੋਕ ਸਭਾ ਦੀਆਂ 543 ਸੀਟਾਂ ਲਈ ਚੋਣਾਂ 7 ਗੇੜਾਂ 'ਚ ਹੋਣੀਆਂ ਤੇ 19 ਅਪਰੈਲ ਨੂੰ ਪਹਿਲੇ ਗੇੜ ਅਤੇ 26 ਅਪਰੈਲ ਨੂੰ ਦੂਜੇ ਗੇੜ ਲਈ ਵੋਟਾਂ ਪੈਣਗੀਆਂ। 7, 13 ਤੇ 20 ਤੇ 25 ਮਈ ਤੇ ਪਹਿਲੀ ਜੂਨ ਨੂੰ ਕ੍ਰਮਵਾਰ ਤੀਜੇ, ਚੌਥੇ, ਪੰਜਵੇਂ, ਛੇਵੇਂ ਤੇ ਸੱਤਵੇਂ ਗੇੜ ਲਈ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ ਅਤੇ ਨਤੀਜੇ 4 ਜੂਨ ਨੂੰ ਆਉਣਗੇ। ਪੰਜਾਬ 'ਚ ਆਖਰੀ ਗੇੜ 'ਚ 1 ਜੂਨ ਨੂੰ ਵੋਟਾਂ ਪੈਣਗੀਆਂ। ਇਸ ਦੇ ਨਾਲ 4 ਰਾਜਾਂ ਸਿੱਕਮ, ਉੜੀਸਾ, ਅਰੁਣਾਚਲ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਵੀ ਹੋਣਗੀਆਂ। ਦੁਨੀਆਂ ਦੇ ਸਭ ਤੋਂ ਵਡੇ ਲੋਕਤੰਤਰ ਦੇਸ਼ ਵਿੱਚ ਕਰੀਬ 97 ਕਰੋੜ ਰਜਿਸਟਰਡ ਵੋਟਰ ਨੇ, ਜਿਨਾਂ 'ਚ 47.1 ਕਰੋੜ ਮਹਿਲਾ ਵੋਟਰ ਹਨ। ਹੈ ਜਿਸ ਵਿਚ ਚੋਣਾਂ ਕਰਾਉਣ ਲਈ 10.5 ਲੱਖ ਤੋਂ ਵੱਧ ਪੋਲਿੰਗ ਸਟੇਸ਼ਨ ਬਣਾਏ ਹਨ। 55 ਲੱਖ ਈਵੀਐੱਮ ਦੀ ਹੋਵੇਗੀ ਵਰਤੋਂ। ਪਹਿਲੇ ਗੇੜ ਲਈ 102 ਸੀਟਾਂ, ਦੂਜੇ ਗੇੜ 'ਚ 89 ਸੀਟਾਂ, ਤੀਜੇ ਗੇੜ 'ਚ 94 ਸੀਟਾਂ, ਚੌਥੇ ਗੇੜ 'ਚ 96 ਸੀਟਾਂ, ਪੰਜਵੇਂ ਗੇੜ 'ਚ 49 ਸੀਟਾਂ, ਛੇਵੇਂ ਗੇੜ 'ਚ 57 ਸੀਟਾਂ ਤੇ ਸੱਤਵੇਂ ਗੇੜ 'ਚ 57 ਸੀਟਾਂ 'ਤੇ ਵੋਟਾਂ ਪੈਣਗੀਆਂ। ਜਨਤਾ ਨੇ ਪਿਛਲੇ 75 ਸਾਲਾਂ ਵਿਚ ਸਭ ਧਿਰਾਂ ਨੂੰ ਮੌਕਾ ਦੇ ਕੇ ਦੇਖਿਐ, ਪਰ ਸਤਾ ਵਿੱਚ ਆਉਣ ਤੇ ਸਭ ਇਕੋ ਥੈਲੀ ਦੇ ਚਟੇ ਬਟੇ ਸਾਬਿਤ ਹੋਏ ਨੇ। ਹੁਣ ਚੋਣਾਂ ਵਿੱਚ ਫਿਰ ਭੋਲੇ ਲੋਕ ਇਨ੍ਹਾਂ ਦੇ ਹਮਾਇਤੀ ਬਣ ਕੇ ਰੈਲੀਆਂ ਵਿਚ ਨਾਹਰੇ ਲਗਾਉਂਦੇ ਨਜ਼ਰ ਆਉਣਗੇ। ਪਿਛਲੀਆਂ 2019 ਦੀਆਂ ਚੋਣਾਂ ਵਿਚ ਬੀਜੇਪੀ ਦੇ ਹਿੱਸੇ 303 ਸੀਟਾਂ ਦਿਤੀਆਂ ਅਤੇ ਕਾਂਗਰਸ ਹਿਸੇ ਸਿਰਫ 52 ਸੀਟਾਂ ਆਈਆਂ। ਹੁਣ ਫਿਰ ਚੋਣਾਂ ਲਈ ਸਾਰੀਆਂ ਪਾਰਟੀਆਂ ਨੇ ਕਮਰਕੱਸੇ ਕਸ ਲਏ ਹਨ ਅਤੇ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਗੋਟੀਆਂ ਫਿਟ ਕਰਨੀਆਂ ਸ਼ੁਰੂ ਨੇ। ਇਸ ਵਾਰ ਲੋਕ ਸਭਾ ਚੋਣਾਂ ਬਹੁਤ ਹੀ ਅਹਿਮ ਹੋਣ ਜਾ ਰਹੀਆਂ ਨੇ ਅਤੇ ਸਮਝਿਆ ਜਾਂਦੈ, ਕਿ ਚੋਣ ਨਤੀਜਿਆਂ ਨਾਲ ਦੇਸ਼ ਦੀ ਦਿਸ਼ਾ ਅਤੇ ਦਸ਼ਾ ਤੈਅ ਹੋਵੇਗੀ।

*** ਐਨਡੀਏ ਅਤੇ ਇੰਡੀਆ ਗਠਜੋੜ ਆਹਮਣੇ ਸਾਹਮਣੇ***

ਇਸ ਵਾਰ ਬੀਜੇਪੀ ਦੀ ਅਗਵਾਈ ਵਾਲੇ ਐਨਡੀਏ ਗਠਜੋੜ ਨੂੰ ਕਾਂਗਰਸ ਪਾਰਟੀ ਦੀ ਅਗਵਾਈ ਵਿੱਚ 26 ਵਿਰੋਧੀ ਪਾਰਟੀਆਂ ਦੇ 'ਇੰਡੀਆ' ਗੱਠਜਜੋੜ ਤੋਂ ਸਖ਼ਤ ਟਕਰ ਮਿਲਦੀ ਦਿਖਦੀ ਹੈ। ਇਸ ਸਮੇਂ ਸਾਰੀਆਂ ਪਾਰਟੀਆਂ ਦੂਜੀ ਧਿਰ ਦੇ ਖੇਮੇ ਵਿਚ ਸੰਨ ਲਗਾਉਣ ਲਈ ਪੂਰੀ ਤਾਕਤ ਲਗਾ ਰਹੀਆਂ ਨੇ। ਬੀਜੇਪੀ ਵਲੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਲੀਡਰਾਂ ਨੂੰ ਸ਼ਾਮਿਲ ਕਰਾ ਕੇ ਉਮੀਦਵਾਰ ਬਣਾਇਆ ਗਿਐ। ਐਨਡੀਏ ਗਠਜੋੜ ਦੀ ਪ੍ਰਚਾਰ ਮੁਹਿੰਮ ਦੀ ਕਮਾਨ ਮੁੱਖ ਤੌਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਹੈ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਸਾਰੀ ਲੀਡਰਸ਼ਿਪ ਚੋਣ ਪ੍ਰਚਾਰ ਵਿੱਚ ਸਰਗਰਮ ਹੈ। ਵਿਰੋਧੀ *ਇੰਡੀਆ* ਗਠਜੋੜ ਦੀ ਸ਼ੁਰੂਆਤ ਸੀਟਾਂ ਦੀ ਵੰਡ ਦੇ ਰਫੜ ਕਰਨ ਕਾਫੀ ਢਿੱਲੀ ਚਲ ਰਹੀ, ਪਰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਵਿਰੋਧੀ ਪਾਰਟੀਆਂ ਕੌਮੀ ਪਧਰ ਦੀ ਵਿਸ਼ਾਲ ਰੈਲੀ ਨਾਲ ਵਿਰੋਧੀ ਪਾਰਟੀਆਂ ਦੀ ਏਕਤਾ ਨੂੰ ਕਾਫੀ ਬਲ ਮਿਲਿਆ ਦਿਸਦੈ। ਚੋਣਾਂ ਤੋ ਪਹਿਲਾਂ ਈਡੀ ਵੱਲੋ ਦਿਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਝਾੜਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਦੀ ਗ੍ਰਿਫਤਾਰੀ 'ਇੰਡੀਆ' ਗਠਜੋੜ ਲਈ ਆਕਸੀਜਨ ਦਾ ਕੰਮ ਕਰਦੀ ਦਿਸਦੀ ਹੈ। ਰੈਲੀ ਵਿੱਚ ਸਾਰੀਆਂ ਵਿਰੋਧੀ ਪਾਰਟੀਆਂ ਦੇ ਪ੍ਰਮੁੱਖ ਲੀਡਰਾਂ ਨੇ ਦੇਸ਼ ਵਿੱਚ ਲੋਕਤੰਤਰ ਬਚਾਉਣ ਦਾ ਹੋਕਾ ਦਿੱਤੈ। ਇਨਕਮ ਟੈਕਸ ਵੱਲੋ ਚੋਣਾਂ ਸਮੇਂ ਇੰਡੀਆ ਗਠਜੋੜ ਦੀ ਮੁੱਖ ਪਾਰਟੀ ਕਾਂਗਰਸ ਦੇ ਬੈਂਕ ਖਾਤੇ ਸੀਲ ਕਰਨ ਨਾਲ ਵੀ ਵਿਰੋਧੀ ਖੇਮੇ ਨੂੰ ਲੋਕਾਂ ਦੀ ਹਮਦਰਦੀ ਮਿਲ ਸਕਦੀ ਹੈ। ਵਿਰੋਧੀ ਲੀਡਰ ਭਾਜਪਾ ਅਤੇ ਆਰਐੱਸਐੱਸ ਨੂੰ ਲੋਕਤੰਤਰ ਲਈ ਵਡਾ ਖਤਰਾ ਗਰਦਾਨ ਰਹੇ ਨੇ। ਪੱਛਮੀ ਬੰਗਾਲ ਵਿੱਚ ਐਨਡੀਏ ਤੋਂ ਲਾਂਭੇ ਰਹਿ ਕੇ ਚੋਣਾਂ ਲੜ ਰਹੀ ਮਮਤਾ ਬੈਨਰਜੀ ਦੀ ਟੀਐਮਸੀ ਵੱਲੋ ਵੀ ਇੰਡੀਆ ਗਠਜੋੜ ਦਾ ਸਾਥ ਦੇਣ ਨਾਲ ਵਿਰੋਧੀ ਖੇਮਾ ਉਤਸ਼ਾਹਿਤ ਦਿਸਦੈ। ਉਸੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੇਰਠ ਵਿੱਚ ਭਾਜਪਾ ਦੇ ਚੋਣ ਪ੍ਰਚਾਰ ਲਈ ਆਯੋਜਤ ਐਨਡੀਏ ਦੀ ਵੱਡੀ ਰੈਲੀ ਵਿਚ ਕਿਹੈ ਕਿ ਵਿਰੋਧੀ ਪਾਰਟੀਆਂ ਦੇ ਭਰਿਸ਼ਟਾਚਾਰੀਆਂ ਨੂੰ ਬਖਸ਼ਿਆ ਨਹੀਂ ਜਾਏਗਾ। ਬਿਹਾਰ ਵਿੱਚ ਨਿਤੀਸ਼ ਕੁਮਾਰ ਵੱਲੋ ਇੰਡੀਆ ਗਠਜੋੜ ਨੂੰ ਛਡ ਕੇ ਬੀਜੇਪੀ ਨਾਲ ਹੱਥ ਮਿਲਾਉਣ ਦੇ ਝਟਕੇ ਨੂੰ ਆਰਜੇਡੀ ਦੇ ਤਪਸਵੀ ਯਾਦਵ ਨੇ ਨਿਰਅਸਰ ਕਰਨ ਵਿਚ ਸਫਲ ਦਿਸਦੇ ਨੇ। ਚੋਣਾਂ ਵਿੱਚ ਦੋਵੇਂ ਖੇਮੇ ਆਪਣੇ ਵਡੇ ਲੀਡਰਾਂ ਨੂੰ ਮੁਕਾਬਲੇ ਵਿਚ ਉਤਰ ਰਹੇ ਨੇ। ਜਿੱਥੇ ਬੀਜੇਪੀ ਨੇ ਬਹੁਤ ਸਾਰੇ ਕੇਂਦਰੀ ਮੰਤਰੀਆਂ ਦੇ ਨਾਲ ਸੀਨੀਅਰ ਲੀਡਰਾਂ ਨੂੰ ਟਿਕਟਾਂ ਦਿੱਤੀਆਂ ਨੇ, ਉੱਥੇ ਹੀ ਕਾਂਗਰਸ ਪਾਰਟੀ ਵੱਲੋਂ ਵੀ ਚੋਟੀ ਦੇ ਲੀਡਰਾਂ ਨੂੰ ਮੈਦਾਨ ਵਿੱਚ ਉਤਾਰਿਆ ਜਾ ਰਿਹੈ। ਉੱਤਰ ਪ੍ਰਦੇਸ਼ ਵਿਚ ਸਮਝੌਤੇ ਤਹਿਤ ਸਮਾਜਵਾਦੀ ਪਾਰਟੀ 63 ਅਤੇ ਕਾਂਗਰਸ 17 ਸੀਟਾਂ 'ਤੇ ਚੋਣਾਂ ਲੜੇਗੀ। ਦਖਣੀ ਰਾਜਾਂ ਵਿਚ ਵੀ ਇੰਡੀਆ ਗਠਜੋੜ ਅਤੇ ਉੱਤਰੀ ਰਾਜਾਂ ਵਿਚ ਬੀਜੇਪੀ ਭਾਰੂ ਨਜ਼ਰ ਆ ਰਹੀ ਹੈ। ਇੰਡੀਆ' ਗੱਠਜੋੜ ਨੂੰ ਕਈ ਝਟਕੇ ਲੱਗਣ ਤੋਂ ਬਾਅਦ ਹੁਣ ਇਕ ਵਾਰ ਫਿਰ ਇਹ ਆਪਣੇ ਪੈਰਾਂ 'ਤੇ ਖੜ੍ਹਾ ਦਿਖਾਈ ਦੇ ਰਿਹੈ।

***ਪੰਜਾਬ ਵਿੱਚ ਦਲ ਬਦਲੀ ਜ਼ੋਰਾਂ 'ਤੇ***

ਆਮ ਪੰਜਾਬ ਵਿੱਚ ਇਸ ਵਾਰ ਚਾਰ ਧਿਰਾਂ ਮੁਕਾਬਲਾ ਹੋਣ ਦੇ ਅਸਾਰ ਬਣੇ ਹੋਏ ਨੇ ਕੋਈ ਵੀ ਪਾਰਟੀ ਇਸ ਸਮੇਂ ਜਨਤਾ ਜਨਤਾ ਵਿੱਚ ਬਹੁਤੀ ਸੁਖਾਲੀ ਸਥਿਤੀ ਵਿੱਚ ਦਿਖਾਈ ਨਹੀਂ ਦਿੰਦੀ। 'ਆਪ' ਅਤੇ ਕਾਂਗਰਸ ਦਾ ਦਿਲੀ, ਗੁਜਰਾਤ, ਹਰਿਆਣਾ ਅਤੇ ਚੰਡੀਗੜ੍ਹ ਵਿਚ ਸੀਟਾਂ ਦੀ ਵੰਡ ਬਾਰੇ ਸਮਝੌਤਾ ਹੋ ਚੁੱਕੈ , ਪਰ ਪੰਜਾਬ ਵਿਚ ਦੋਵੇਂ ਪਾਰਟੀਆਂ ਆਹਮਣੇ ਸਾਹਮਣੇ ਨੇ। ਫਿਰ ਵੀ ਦਿਲੀ ਰੈਲੀ ਵਿਚ ਲੀਡਰਸ਼ਿਪ ਦੀ ਇਕਸੁਰਤਾ ਤੋਂ ਪੰਜਾਬ ਵਿੱਚ ਮਿਲ ਕੇ ਚੋਣਾਂ ਲੜਨ ਦੇ ਆਸਾਰ ਜਾਪਦੇ ਨੇ। ਇਸ ਸਮੇਂ ਵੱਡੀ ਪੱਧਰ ਤੇ ਦਲ ਬਦਲੀਆਂ ਦਾ ਚੱਕਰ ਚੱਲ ਰਿਹੈ ਅਤੇ ਰੋਜ਼ਾਨਾਂ ਵੱਡੇ ਲੀਡਰਾਂ ਵਲੋਂ ਪਾਰਟੀ ਛੱਡ ਕੇ ਦੂਜੀ ਵਿੱਚ ਸ਼ਾਮਿਲ ਹੋਣ ਦੇ ਧਮਾਕੇ ਪੈ ਰਹੇ ਨੇ, ਜੋ ਆਉਂਦੇ ਦਿਨਾਂ ਵਿੱਚ ਹੋਰ ਤੇਜ਼ ਹੋ ਸਕਦੇ ਨੇ। ਸੱਤਾਧਾਰੀ ਆਮ ਆਦਮੀ ਪਾਰਟੀ ਆਪਣੇ ਇਮਾਨਦਾਰੀ, ਸਾਦਗੀ ਅਤੇ ਮਜਬੂਤ ਲੋਕਪਾਲ ਵਰਗੇ ਮੁਦਿਆਂ ਤੋਂ ਲਾਂਭੇ ਜਾਣ ਤੇ ਲੋਕਾਂ ਦੇ ਮਨਾਂ ਵਿੱਚੋ ਉਤਰੀ ਜਾਪਦੀ ਹੈ। ਇਸ ਦੇ ਸੁਪਰੀਮੋ ਕੇਜਰੀਵਾਲ, ਮੁਨੀਸ਼ ਸਿਸੋਦੀਆ, ਸੰਜੇ ਸਿੰਘ ਕਥਿਤ ਸ਼ਰਾਬ ਘੁਟਾਲੇ ਰਾਹੀਂ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲੇ ਵਿਚ ਜੇਲ ਦੀ ਹਵਾ ਖਾ ਰਹੇ ਨੇ। ਅਜਿਹੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਉਪਰ ਹੀ ਪਾਰਟੀ ਦੀ ਸਮੁੱਚੀ ਪ੍ਰਚਾਰ ਮੁਹਿੰਮ ਦੀ ਜਿੰਮੇਵਾਰੀ ਆ ਪਈ ਹੈ। ਕਿਸਾਨੀ ਅਤੇ ਮੁਲਾਜ਼ਮ ਵੀ ਕਾਫੀ ਨਾਰਾਜ਼ ਨੇ। 'ਆਪ' ਵੱਲੋਂ ਪਹਿਲ ਕਰਕੇ ਪੰਜਾਬ ਵਿੱਚ 13 ਵਿੱਚੋ ਅੱਠ ਸੀਟਾਂ ਤੇ ਐਲਾਨੇ ਉਮੀਦਵਾਰਾਂ ਵਿਚੋ ਇਕ ਸੁਸ਼ੀਲ ਕੁਮਾਰ ਰਿੰਕੂ ਪਾਰਟੀ ਛੱਡ ਕੇ ਬੀਜੇਪੀ ਜਲੰਧਰ ਤੋਂ ਉਮੀਦਵਾਰ ਬਣ ਚੁੱਕੈ। ਬੀਜੇਪੀ ਸੂਬੇ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਵੱਡਾ ਖੋਰਾ ਲਗਾਇਆ ਜਾ ਰਿਹੈ ਅਤੇ ਸੀਟਾਂ ਤੇ ਮਜਬੂਤ ਉਮੀਦਵਾਰ ਦੇਣ ਲਈ ਯਤਨਸ਼ੀਲ ਹੈ। ਕਾਂਗਰਸ ਦੇ ਬਹੁਤੇ ਲੀਡਰ ਚੋਣ ਲੜਨ ਤੋਂ ਭਜਦੇ ਦਿਸਦੇ ਨੇ, ਪਰ ਚਰਨਜੀਤ ਚੰਨੀ, ਸੁਖਪਾਲ ਖਹਿਰਾ ਅਤੇ ਪ੍ਰਗਟ ਸਿੰਘ ਹਿਕ ਡਾਹੁਣ ਲਈ ਅੱਗੇ ਆਏ ਨੇ। ਕਾਂਗਰਸ ਉਮੀਦਵਾਰਾਂ ਦੀ ਲਿਸਟ ਵੀ ਜਲਦੀ ਆ ਸਕਦੀ ਹੈ। ਕਾਂਗਰਸ ਦੀ ਸਾਂਸਦ ਪਰਨੀਤ ਕੌਰ ਵੀ ਪਾਰਟੀ ਨੂੰ ਅਲਵਿਦਾ ਕਹਿ ਕੇ ਬੀਜੇਪੀ ਦੀ ਪਟਿਆਲਾ ਤੋਂ ਉਮੀਦਵਾਰ ਬਣ ਚੁੱਕੀ ਹੈ। ਸਾਂਸਦ ਮੈਂਬਰ ਰਵਨੀਤ ਸਿੰਘ ਬਿੱਟੂ ਪਲਟੀ ਮਾਰਕੇ ਬੀਜੇਪੀ ਦੇ ਲੁਧਿਆਣਾ ਤੋਂ ਉਮੀਦਵਾਰ ਬਣੇ ਨੇ। 'ਆਪ' ਦੇ ਪਟਿਆਲਾ ਤੋ ਸਾਬਕਾ ਸੰਸਦ ਧਰਮਵੀਰ ਗਾਂਧੀ ਕਾਂਗਰਸ ਵਿੱਚ ਸ਼ਾਮਲ ਹੋ ਗਏ ਅਤੇ ਉਹ ਪਟਿਆਲਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਹੋ ਸਕਦੇ ਨੇ। ਅਕਾਲੀ ਦਲ ਵੀ ਇਸ ਵਾਰ ਇਕੱਲੇ ਹੀ ਚੋਣ ਮਦਾਂ ਵਿਚ ਉਤਰ ਰਿਹੈ ਅਤੇ ਅਜੇ ਤਕ ਇਕ ਵੀ ਉਮੀਦਵਾਰ ਤੇ ਫੈਸਲਾ ਨਹੀਂ ਲੈ ਸਕਿਆ। ਕੁੱਲ ਮਿਲਾ ਕੇ ਦੇਖਿਆ ਜਾਏ ਤਾਂ ਸਾਰੀਆਂ ਰਾਜਸੀ ਪਾਰਟੀਆਂ ਆਪਣੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਛਡ ਮੌਕਾ ਪ੍ਰਸਤੀ ਦੇ ਰਾਹ ਪੈ ਚੁੱਕੀਆਂ ਨੇ ਅਤੇ ਇਸ ਸਮੇਂ ਦਲ ਬਦਲੀਆਂ ਦਾ ਦੌਰ ਹੋਰ ਤੇਜ ਹੋਣ ਦੀ ਸੰਭਾਵਨਾ ਦਿਸਦੀ ਹੈ।

ਅਜਿਹੇ ਸ਼ੋਰ ਸ਼ਰਾਬੇ ਵਿਚ ਮਹਿੰਗਾਈ ਅਤੇ ਬੇਰੁਜ਼ਗਾਰੀ ਨਾਲ ਪਿਸਦੀ ਗ਼ਰੀਬ ਜਨਤਾ ਦੀ ਦਸ਼ਾ ਵੱਲ ਕਿਸੇ ਦਾ ਧਿਆਨ ਜਾਂਦਾ ਦਿਖਾਈ ਨਹੀਂ ਦੇ ਰਿਹੈ। ਬਹੁਚਰਚਿਤ ਰੰਗਲੇ ਪੰਜਾਬ ਦਾ ਸੁਪਨਾ ਵੀ ਮ੍ਰਿਗ ਤ੍ਰਿਸ਼ਨਾ ਵਾਂਗ ਹੀ ਜਾਪਦੈ।

ਦਰਸ਼ਨ ਸਿੰਘ ਸ਼ੰਕਰ
ਜਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 9915836543





## ਗ਼ਜ਼ਲ

ਮੇਰੇ ਹਾਣੀ, ਯਾਰ ਗੁਜ਼ਰਦੇ ਜਾਂਦੇ ਨੇ।
ਬਾਅਦ 'ਚ ਕਾਰੋਬਾਰ ਵਿਗੜਦੇ ਜਾਂਦੇ ਨੇ।

ਪਿੰਡੋ ਆ ਕੇ ਸ਼ਹਿਰ 'ਚ ਵੱਸਦੇ ਲੋਕੀ ਹੁਣ,
ਲੋਕਾਂ ਦੇ ਸਹਿਚਾਰ ਬਦਲਦੇ ਜਾਂਦੇ ਨੇ।

ਹਰ ਚਿਹਰਾ ਹੀ ਉਪਰੋਂ ਹਸਮੁਖ ਲੱਗਦਾ ਹੈ,
ਜ਼ਖ਼ਮ ਉਨ੍ਹਾਂ ਦੇ ਅੰਦਰ ਪਲ਼ਦੇ ਜਾਂਦੇ ਨੇ।

ਤਿੜਕ ਰਹੇ ਨੇ ਜੋਬਨ ਰੁੱਤੀ ਰਿਸ਼ਤੇ ਹੁਣ,
ਮੈਰਿਜ ਬਿਊਰੋ ਜ਼ੋਰ ਪਕੜਦੇ ਜਾਂਦੇ ਨੇ।

ਢੀਠ ਬਣੀ ਉਹ ਕੁਰਸੀ ਛਾਲ਼ਾਂ ਮਾਰ ਰਹੀ,
ਬੈਠਣ ਵਾਲੇ ਰੰਗ ਬਦਲਦੇ ਜਾਂਦੇ ਨੇ।

ਮੁੱਕ ਰਹੇ ਨੇ ਜੰਗਲ ਦੇਸ਼ ਮੇਰੇ ਵਿੱਚੋਂ,
ਖੇਤਾਂ ਅੰਦਰ ਮਹਿਲ ਉਸਰਦੇ ਜਾਂਦੇ ਨੇ।

ਤੜਕਾ ਲਾ ਕੇ ਸ਼ਿਅਰ ਪਰੋਸੇ 'ਲੋਟੇ' ਜਦ,
ਬਹਿਰ ਵਜ਼ਨ ਵਿੱਚ ਮਿਸਰੇ ਹੱਸਦੇ ਜਾਂਦੇ ਨੇ।

'ਲੋਟੇ'

## ਰੱਬ

ਰੱਬ ਤਾਂ ਸੱਜਣਾ ਇੱਕ
ਰਹਿਬਰਾਂ ਪਾਸੋਂ ਸਿੱਖ
ਜੋ ਵਾਰਿਸ ਉਹਦੇ ਨੇ
ਬੰਦਗੀ ਝੋਲੀ ਪਾਉਂਦੇ ਨੇ।
ਵਾਹਿਗੁਰੂ, ਰਾਮ ਅੱਲਾਂ ਕਹਿ
ਉਹਦੀ ਰਜਾ ਵਿੱਚ ਰਹਿ
ਵਿਚਾਰ ਸਿਖਾਉਂਦੇ ਨੇ
ਬੰਦਗੀ ਝੋਲੀ ਪਾਉਂਦੇ ਨੇ।

ਕਾਣੀ ਕਰਨੀ ਛੱਡਦੇ ਵੰਡ
ਟੁੱਟੇ ਹੋਏ ਦਿਲਾਂ ਨੂੰ ਗੰਢ
ਸਕੂਨ ਲਿਆਉਂਦੇ ਨੇ
ਬੰਦਗੀ ਝੋਲੀ ਪਾਉਂਦੇ ਨੇ।

ਜਾਤਾਂ ਧਰਮਾਂ ਦੇ ਰੌਲ਼ੇ ਛੱਡ
ਈਰਖਾ ਸਾੜਾ ਦਿਲੋਂ ਕੱਢ
ਸੁਖ ਤੇ ਚੈਨ ਲਿਆਉਂਦੇ ਨੇ
ਬੰਦਗੀ ਝੋਲੀ ਪਾਉਂਦੇ ਨੇ।

ਸੁਖਚੈਨ ਸਿੰਘ, ਠੱਠੀ ਭਾਈ, ਦੁਬਈ
00971527632924

## ਕਬਰ

ਬੰਦਾ ਵੀ ਅੱਜ ਕਬਰ ਦੋਸਤੋ,
ਝੱਲਦਾ ਹਰ ਜੋ ਜਬਰ ਦੋਸਤੋ।
ਸਰੀਰ ਨੂੰ ਕਬਰ ਬਣਾਈ ਫਿਰਦੈ,
ਮਰਿਆ ਮਨ ਦਫਨਾਈ ਫਿਰਦੈ।
ਮਾਰ ਦਿਓ ਭਾਵੇਂ ਕੁੱਟੀ ਜਾਓ,
ਸਾਹਮਣੇ ਇੱਜ਼ਤਾਂ ਲੁੱਟੀ ਜਾਓ।
ਬੱਸ ਇਸ ਕਹਿਣੈ ਮੈਂ ਕੀ ਲੈਣੈ,
ਪਾਸਾ ਵੱਟ ਕੇ ਮਸਤ ਹੀ ਰਹਿਣੈ।
ਸੇਮ ਕਬਰ ਦੇ ਵਰਗੀ ਹਾਲਤ,
ਤਾਂ ਹੀ ਝੱਲਦਾ ਫਿਰੇ ਜਲਾਲਤ।
ਬੋਲਦਾ ਨਹੀ ਜੋ ਮਰਿਆ ਹੁੰਦਾ,
ਹੱਕ ਲਈ ਨਾ ਜੋ ਅੜਿਆ ਹੁੰਦਾ।
ਮੱਲ੍ਹੀ ਫੂਲ ਉਹ ਕਬਰ ਬਰਾਬਰ,
ਖੜ੍ਹਦਾ ਨਹੀਂ ਜੋ ਜਬਰ ਬਰਾਬਰ।

ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ
90565-62524










